A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21. Bravo Realty
403.861.2253

Vol: 12 No: 275 Website : www.punjabiakhbaar.ca Email: editor@punjabiakhbaar.ca Friday, 5 September 2025

# ਦੁੱਖਾਂ ਦੀ ਦਾਰੂ, ਕਦੋਂ ਆਏਗੀ ਫ਼ਸਲ ਬੀਮਾ ਕ੍ਰਾਂਤੀ

ਚਰਨਜੀਤ ਭੁੱਲਰ



ਪੰਜਾਬ ਦੇ ਕਿਸਾਨ 'ਫ਼ਸਲ ਬੀਮਾ ਕ੍ਰਾਂਤੀ' ਦੇ ਰਾਹ ਤੱਕ ਰਹੇ ਹਨ, ਜਦੋਂ ਫ਼ਸਲੀ ਮੁਆਵਜ਼ਾ ਨਿਗੂਣਾ ਹੈ ਤਾਂ ਕਿਸਾਨਾਂ ਨੂੰ ਖ਼ਰਾਬੇ ਦੀ ਸਮੁੱਚੀ ਪੂਰਤੀ ਲਈ ਕੋਈ ਸਥਾਈ ਪ੍ਰਬੰਧ ਨਜ਼ਰ ਨਹੀਂ ਆ ਰਿਹਾ, ਜੋ ਉਨ੍ਹਾਂ ਦੇ ਦੁੱਖਾਂ ਦੀ ਦਾਰੂ ਬਣ ਸਕੇ। ਇਸ ਵੇਲੇ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਅਤੇ ਕਰੀਬ ਤਿੰਨ ਲੱਖ ਏਕੜ ਫ਼ਸਲ ਪਾਣੀ 'ਚ ਰੁੜ੍ਹ ਗਈ ਹੈ। ਸਰਕਾਰੀ ਮੁਆਵਜ਼ੇ ਦੀ ਮਲ੍ਹਮ ਕਿਸਾਨਾਂ ਨੂੰ ਰਾਹਤ ਦੇਣ ਵਾਲੀ ਨਹੀਂ। ਮੁੱਖ ਮੰਤਰੀ ਭਗਵੰਤ ਮਾਨ ਨੇ 27 ਮਾਰਚ 2023 ਨੂੰ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਆਪਣੀ 'ਫ਼ਸਲ ਬੀਮਾ ਸਕੀਮ' ਲਿਆਏਗੀ ਪਰ ਹਾਲੇ ਤੱਕ ਇਹ ਐਲਾਨ ਅਮਲ 'ਚ ਨਹੀਂ ਆਇਆ। 'ਆਪ' ਸਰਕਾਰ ਨੇ 2023-24 ਦੇ ਬਜਟ 'ਚ 'ਫ਼ਸਲ ਬੀਮਾ ਯੋਜਨਾ' ਦਾ ਐਲਾਨ ਕੀਤਾ ਅਤੇ ਇਸ ਦੀ ਰੂਪ ਰੇਖਾ ਤਿਆਰ ਕੀਤੇ ਜਾਣ ਦੀ ਗੱਲ ਕਹੀ ਸੀ।

ਇਹੀ ਐਲਾਨ ਤਤਕਾਲੀ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ ਸੀ। ਉਸ ਮਗਰੋਂ 'ਆਪ' ਸਰਕਾਰ ਨੇ ਦੋ ਹੋਰ ਬਜਟ ਪੇਸ਼ ਕੀਤੇ ਪਰ ਕਿਸੇ 'ਚ ਫ਼ਸਲ ਬੀਮਾ ਯੋਜਨਾ ਦਾ ਜ਼ਿਕਰ ਤੱਕ ਨਹੀਂ ਕੀਤਾ। ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਜਗਮੋਹਨ ਸਿੰਘ ਪਟਿਆਲਾ ਆਖਦੇ ਹਨ ਕਿ ਮੌਜੂਦਾ ਸਰਕਾਰ ਤੋਂ ਫ਼ਸਲ ਬੀਮਾ ਸਕੀਮ ਦੀ ਆਸ ਸੀ ਪਰ ਇਸ ਸਰਕਾਰ ਨੇ ਵੀ ਇਸ ਪਾਸੇ ਕੋਈ ਕਦਮ ਨਹੀਂ ਵਧਾਏ। ਕਾਂਗਰਸ ਸਰਕਾਰ ਨੇ ਵੀ ਆਪਣੇ ਪਹਿਲੇ ਬਜਟ 2017-18 'ਚ 'ਖੇਤੀਬਾੜੀ ਬੀਮਾ ਕਾਰਪੋਰੇਸ਼ਨ' ਬਣਾਉਣ ਦਾ ਐਲਾਨ ਕੀਤਾ ਸੀ। ਅਮਰਿੰਦਰ ਸਰਕਾਰ ਨੇ ਖਰੜਾ ਵੀ ਤਿਆਰ ਕੀਤਾ ਪਰ ਫੰਡਾਂ ਦਾ ਵੱਡਾ ਅੜਿੱਕਾ ਬਣਿਆ ਰਿਹਾ। ਕਾਂਗਰਸ ਸਰਕਾਰ ਨੇ ਮੁੜ ਕਿਸੇ ਵੀ ਬਜਟ 'ਚ ਫ਼ਸਲ ਬੀਮਾ ਸਕੀਮ ਦੀ ਗੱਲ ਕਰਨ ਦੀ ਲੋੜ ਵੀ ਨਹੀਂ ਸਮਝੀ।

ਪੰਜਾਬ ਦੀ ਕਪਾਹ ਪੱਟੀ 'ਚ ਫ਼ਸਲਾਂ ਨੂੰ ਕਦੇ ਮਿੱਲੀ ਬੱਗ, ਕਦੇ ਚਿੱਟੀ ਮੱਖੀ ਅਤੇ ਕਦੇ ਗੁਲਾਬੀ ਸੁੰਡੀ ਨੇ ਸੁਆਹ ਕੀਤਾ। ਸਰਕਾਰਾਂ ਨੇ ਮੁਆਵਜ਼ਾ ਤਾਂ ਦਿੱਤਾ ਪਰ ਕਦੇ ਵੀ ਟਿਕਾਊ ਹੱਲ ਨਹੀਂ ਦਿੱਤਾ। ਪਿੱਛੇ ਦੇਖੀਏ ਤਾਂ ਕੇਂਦਰ ਸਰਕਾਰ ਵੱਲੋਂ 18 ਫਰਵਰੀ 2016 ਨੂੰ 'ਵਨ ਨੇਸ਼ਨ, ਵਨ ਸਕੀਮ' ਤਹਿਤ ਸਮੁੱਚੇ ਦੇਸ਼ 'ਚ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਲਾਗੂ ਕੀਤੀ, ਜਿਸ ਤੋਂ ਪੰਜਾਬ ਨੇ ਪਾਸਾ ਵੱਟ ਲਿਆ ਕਿਉਂਕਿ ਇਹ ਪੰਜਾਬ ਦੇ ਅਨੁਕੂਲ ਨਹੀਂ ਸੀ ਅਤੇ ਸਕੀਮ ਦੇ ਮਾਪਦੰਡ ਪੰਜਾਬ ਨੂੰ ਵਾਰਾ ਨਹੀਂ ਖਾਂਦੇ ਸਨ। ਇਸ ਸਕੀਮ 'ਚੋਂ ਹਾਲੇ ਵੀ ਗੁਜਰਾਤ, ਬਿਹਾਰ, ਤਿਲੰਗਾਨਾ ਤੇ ਪੱਛਮੀ ਬੰਗਾਲ ਬਾਹਰ ਹਨ। ਦੂਸਰੇ ਸੂਬਿਆਂ ਨੇ ਆਪਣੀ ਸੂਬਾਈ ਫ਼ਸਲ ਬੀਮਾ ਸਕੀਮ ਲਾਗੂ ਕਰ ਲਈ ਪਰ ਪੰਜਾਬ ਸਰਕਾਰ ਇੱਕ ਤਰੀਕੇ ਸੂਬਾਈ ਸਕੀਮ ਤੋਂ ਵੀ ਭੱਜ ਗਈ।

ਪੰਜਾਬ ਨੇ ਨਾ ਕੇਂਦਰੀ ਫ਼ਸਲ ਬੀਮਾ ਸਕੀਮ ਨੂੰ ਅਪਣਾਇਆ ਅਤੇ ਨਾ ਹੀ ਅੱਜ ਸੂਬਾਈ ਬੀਮਾ ਫ਼ਸਲ ਯੋਜਨਾ ਬਣਾਈ। ਵੇਰਵਿਆਂ ਅਨੁਸਾਰ ਪੰਜਾਬ 'ਚ ਸੌ ਫ਼ੀਸਦੀ ਫ਼ਸਲੀ ਖ਼ਰਾਬੇ ਦਾ ਇਸ ਵੇਲੇ ਪ੍ਰਤੀ ਏਕੜ ਮੁਆਵਜ਼ਾ 15 ਹਜ਼ਾਰ ਰੁਪਏ ਮਿਲਦਾ ਹੈ ਜੋ ਕਿਸਾਨਾਂ ਦੇ ਵਿੱਤੀ ਨੁਕਸਾਨ ਦੀ ਭਰਪਾਈ ਨਹੀਂ ਕਰਦਾ। ਪਤਾ ਲੱਗਿਆ ਹੈ ਕਿ ਸਰਕਾਰੀ ਪੈਸੇ ਦੀ ਕਿੱਲਤ ਕਰਕੇ ਪੰਜਾਬ ਫ਼ਸਲ ਬੀਮਾ ਸਕੀਮ ਮੁਢਲੇ ਪੜਾਅ 'ਤੇ ਦਮ ਤੋੜ ਰਹੀ ਹੈ। ਹਾਲਾਂਕਿ ਕੁਦਰਤੀ ਮਾਰਾਂ ਨੇ ਖੇਤੀ ਅਰਥਚਾਰੇ ਨੂੰ ਵੱਡੀ ਢਾਹ ਲਾਈ ਹੈ। ਪੰਜਾਬ 'ਚ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਹੁਣ ਮੁੜ ਫ਼ਸਲ ਬੀਮਾ ਸਕੀਮ ਚੇਤੇ ਆਈ ਹੈ। ਜਿੰਨਾ ਨੁਕਸਾਨ, ਓਨੀ ਭਰਪਾਈ ਹੋਵੇ: ਰਜਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੀ ਫ਼ਸਲ ਬੀਮਾ ਯੋਜਨਾ ਫ਼ੌਰੀ ਲਾਗੂ ਕਰੇ ਅਤੇ ਇਸ ਸਕੀਮ ਨੂੰ ਪ੍ਰਾਈਵੇਟ ਸੈਕਟਰ ਤੋਂ ਮੁਕਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਮੁਆਵਜ਼ਾ ਰਾਸ਼ੀ ਨੁਕਸਾਨ ਦੀ ਪੂਰਤੀ ਨਹੀਂ ਕਰਦੀ। ਉਨ੍ਹਾਂ ਕਿਹਾ ਕਿ 'ਜਿੰਨਾ ਨੁਕਸਾਨ, ਓਨੀ ਭਰਪਾਈ' ਦੀ ਤਰਜ਼ 'ਤੇ ਸਕੀਮ ਲਾਗੂ ਹੋਵੇ।

**ਫਸਲ ਬੀਮਾ ਫੰਡ ਤਿਆਰ ਕਰੇ ਸਰਕਾਰ**

ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਨੇ ਨਵੀਂ ਖੇਤੀ ਨੀਤੀ ਦੇ ਡਰਾਫਟ 'ਚ ਵੀ ਕਿਸਾਨਾਂ ਲਈ ਫਸਲ ਬੀਮਾ ਫੰਡ ਸਥਾਪਤ ਕਰਕੇ ਫਸਲ ਬੀਮਾ ਸਕੀਮ ਦੀ ਸਿਫਾਰਸ਼ ਕੀਤੀ ਹੈ। ਕਿਸਾਨਾਂ ਤੋਂ ਵੇਚੀ ਫਸਲ ਦੇ ਕੁੱਲ ਮੁੱਲ ਦਾ 0.1 ਫੀਸਦੀ ਯੋਗਦਾਨ ਲੈਣ ਲਈ ਕਿਹਾ ਹੈ ਅਤੇ ਸਰਕਾਰ ਨੂੰ ਇਸ 'ਚ ਦੁੱਗਣਾ ਯੋਗਦਾਨ ਪਾਉਣ ਦੀ ਗੱਲ ਕਹੀ ਹੈ। ਕਮਿਸ਼ਨ ਨੇ ਏਕੜ ਨੂੰ ਇਕਾਈ ਮੰਨ ਕੇ ਸਕੀਮ ਲਾਗੂ ਕਰਨ ਵਾਸਤੇ ਕਿਹਾ ਹੈ। ਮੁੱਢਲੇ ਪੜਾਅ 'ਤੇ ਇਸ ਸਕੀਮ ਲਈ 200 ਕਰੋੜ ਦਾ ਫੰਡ ਬਣਾਉਣ ਦੀ ਸਿਫਾਰਸ਼ ਕੀਤੀ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Narmaan Sidhu
Mortgage Expert
License # 510430
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ
ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

COPPERSTONE
AT COPPERFIELD

## ਗਰਮੀਆਂ ਦੀ ਬੱਚਤ ਈਵੈਂਟ ਹੁਣ ਚਾਲੂ ਹੈ
# $20,000 ਤੱਕ ਦੀ ਬੱਚਤ



ਬੇਮਿਸਾਲ ਅੰਦਰੂਨੀ ਦਿੱਖ





### ਆਪਣੇ ਸੁਪਨਿਆਂ ਦਾ ਘਰ ਸਕੂਲ, ਰੋਜਾਨਾ ਜ਼ਿੰਦਗੀ ਅਤੇ ਆਪਣਾ ਭਾਈਚਾਰਾ ਬਦਲਣ ਤੋਂ ਬਿਨਾਂ ਹੀ ਲੱਭੋ!

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ, ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਹੁਣ ਤੁਸੀਂ ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਮੂਵ ਅੱਪ ਹੋ ਸਕਦੇ ਹੋ।



**Luxury Single Family Homes
From The High $600's**

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**

132 Copperhead Road SE.,Calgary T2Z 5H6
Tel: 587.674.3438
COPPERSTONELIVING.COM

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES

Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 275 Website : www.punjabiakhbaar.ca Email: editor@punjabiakhbaar.ca Friday, 5 September 2025

# ਭਾਰਤੀ ਪਾਸਪੋਰਟ ਉੱਪਰ ਹੁਣ ਸਿਰਫ਼ ਨਵੇਂ ਮਾਪਦੰਡਾਂ ਵਾਲੀਆਂ ਫੋਟੋਆਂ ਹੀ ਲੱਗ ਸਕਣਗੀਆਂ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਨ ਪਾਸਪੋਰਟਾਂ ਉੱਪਰ ਫੋਟੋ ਲਗਾਉਣ ਵੇਲੇ ਫੋਟੋ ਖਿਚਵਾਉਣ ਲਈ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਪਰ ਹੁਣ ਹੁਣ ਭਾਰਤ ਸਰਕਾਰ ਨੇ ਵੀ 1 ਸਤੰਬਰ 2025 ਤੋਂ, ਵਿਦੇਸ਼ਾਂ ਵਿੱਚ ਸਥਿਤ ਭਾਰਤੀ ਦੂਤਾਵਾਸ ਅਤੇ ਕੌਂਸਲਖਾਨਿਆਂ ਵਿੱਚ ਪਾਸਪੋਰਟ ਲਈ ਦਿੱਤੀਆਂ ਅਰਜ਼ੀਆਂ ਵਿੱਚ ਸਿਰਫ਼ ਇੰਟਰਨੈਸ਼ਨਲ ਸਿਵਲ ਐਵੀਏਸ਼ਨ ਆਰਗੇਨਾਈਜੇਸ਼ਨ ਦੇ ਮਿਆਰਾਂ ਅਨੁਸਾਰ ਹੀ ਤੁਹਾਡੀਆਂ ਫੋਟੋਆਂ ਹੀ ਸਵੀਕਾਰ ਕੀਤੇ ਜਾਣ ਲਈ ਨਵੇਂ ਹੁਕਮ ਜਾਰੀ ਕਰ ਦਿੱਤੇ ਹਨ।। ਇਹ ਮਿਆਰ ਅੰਤਰਰਾਸ਼ਟਰੀ ਯਾਤਰਾ ਦਸਤਾਵੇਜ਼ਾਂ ਦੀ ਸੁਰੱਖਿਆ ਅਤੇ ਬਾਇ-ਮੈਟਰਿਕ ਪਛਾਣ ਵਿੱਚ ਇੱਕਰੂਪਤਾ ਲਿਆਉਣ ਲਈ ਲਾਗੂ ਕੀਤੇ ਗਏ ਹਨ। ਅਰਜ਼ੀਦਾਤਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪਾਸਪੋਰਟ ਲਈ ਆਪਣੀਆਂ ਫੋਟੋਆਂ ਅਪਲੋਡ ਕਰਨ ਤੋਂ ਪਹਿਲਾਂ ਨਵੀਂ ਫੋਟੋ ਗਾਈਡਲਾਈਨ ਨੂੰ ਧਿਆਨ ਨਾਲ ਜਰੂਰ ਪੜ੍ਹਨ।




**ਪਾਸਪੋਰਟ ਅਰਜ਼ੀਆਂ ਲਈ ICAO ਅਨੁਕੂਲ ਫੋਟੋਆਂ ਲਈ ਦਿਸ਼ਾ-ਨਿਰਦੇਸ਼ ਇਸ ਪ੍ਰਕਾਰ ਹਨ।**

-ਚਿਹਰੇ ਦਾ ਕਲੋਜ਼-ਅੱਪ ਅਤੇ ਮੋਢਿਆਂ ਦਾ ਉਪਰਲਾ ਹਿੱਸਾ, ਜਿਸ ਵਿੱਚ ਚਿਹਰਾ ਫੋਟੋ ਦਾ 80-85% ਹਿੱਸਾ ਹੋਵੇ।

- ਫੋਟੋ ਰੰਗੀਨ ਹੋਣੀ ਚਾਹੀਦੀ ਹੈ ਅਤੇ ਇਸਦਾ ਆਕਾਰ 630 ਗੁਣਾਂ 810 ਪਿਕਸਲ ਅਤੇ ਪ੍ਰਿੰਟ ਫੋਟੋ 2 ਇੰਚ ਗੁਣਾ 2 ਇੰਚ ਹੋਣਾ ਚਾਹੀਦਾ ਹੈ।

- ਫੋਟੋਆਂ ਨੂੰ ਕੰਪਿਊਟਰ ਸੌਫਟਵੇਅਰ ਦੁਆਰਾ ਬਦਲਿਆ ਨਹੀਂ ਜਾਣਾ ਚਾਹੀਦਾ।

- ਫੋਟੋ ਦਾ ਬੈਕਗ੍ਰਾਊਂਡ ਚਿੱਟਾ ਹੋਣਾ ਚਾਹੀਦਾ ਹੈ।

**ਫੋਟੋਆਂ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ:**

- ਬਿਨੈਕਾਰ ਸਿੱਧਾ ਕੈਮਰੇ ਵੱਲ ਦੇਖ ਰਿਹਾ ਹੋਵੇ।

- ਚਮੜੀ ਦਾ ਰੰਗ ਕੁਦਰਤੀ ਲੱਗੇ।

- ਚਮਕ ਅਤੇ ਕੰਟਰਾਸਟ ਸਹੀ ਹੋਵੇ।

- ਬਿਨੈਕਾਰ ਦੀਆਂ ਅੱਖਾਂ ਖੁੱਲ੍ਹੀਆਂ ਅਤੇ ਸਾਫ਼ ਦਿਖਾਈ ਦੇਣ।

- ਸਿਰ ਦੇ ਵਾਲ ਅੱਖਾਂ ਉੱਤੇ ਖਿਲਾਰਕੇ ਨਾ ਸੁੱਟੇ ਹੋਣ।

- ਇਕਸਾਰ ਰੋਸ਼ਨੀ ਵਿੱਚ ਖਿੱਚੀ ਗਈ ਹੋਵੇ, ਚਿਹਰੇ ਉੱਤੇ ਕੋਈ ਪਰਛਾਵਾਂ ਜਾਂ ਫਲੈਸ਼ ਦੀ ਚਮਕ ਨਾ ਹੋਵੇ ਅਤੇ ਨਾ ਹੀ ਲਾਲ ਅੱਖਾਂ (Red eye) ਹੋਵੇ।

-ਮੂੰਹ ਬੰਦ ਹੋਣਾ ਚਾਹੀਦਾ ਹੈ।

- ਕੈਮਰੇ ਤੋਂ 1.5 ਮੀਟਰ ਦੀ ਦੂਰੀ ਤੋਂ ਖਿੱਚੀ ਗਈ ਹੋਵੇ (ਬਹੁਤ ਜ਼ਿਆਦਾ ਨੇੜੇ ਨਾ ਹੋਵੇ)।

- ਫੋਟੋ ਧੁੰਦਲੀ (blurred) ਨਾ ਹੋਵੇ।

-ਪੂਰਾ ਚਿਹਰਾ,ਸਾਹਮਣਿਓ ਦਿਖਾਈ ਦੇਵੇ ਅਤੇ ਅੱਖਾਂ ਖੁੱਲ੍ਹੀਆਂ ਹੋਣ।

- ਫੋਟੋ ਵਿੱਚ ਵਾਲਾਂ ਦੇ ਸਿਖਰ ਤੋਂ ਲੈ ਕੇ ਠੋਡੀ ਦੇ ਹੇਠਾਂ ਤੱਕ ਪੂਰਾ ਸਿਰ ਦਿਖਾਈ ਦੇਣਾ ਚਾਹੀਦਾ ਹੈ।

- ਸਿਰ ਫਰੇਮ ਦੇ ਵਿਚਕਾਰ ਹੋਣਾ ਚਾਹੀਦਾ ਹੈ (ਸਿਰ ਝੁਕਿਆ ਹੋਇਆ ਨਹੀਂ ਹੋਣਾ ਚਾਹੀਦਾ)।

- ਚਿਹਰੇ ਜਾਂ ਬੈਕਗ੍ਰਾਊਂਡ ਵਿੱਚ ਕੋਈ ਪਰਛਾਵਾਂ ਨਹੀਂ ਹੋਣਾ ਚਾਹੀਦਾ (ਚਸ਼ਮੇ ਦੀ ਕੋਈ ਚਮਕ ਨਹੀਂ ਹੋਣੀ ਚਾਹੀਦੀ; ਚਮਕ ਤੋਂ ਬਚਣ ਲਈ ਚਸ਼ਮਾ ਉਤਾਰਿਆ ਜਾਵੇ)।

- ਰੋਸ਼ਨੀ ਨਾਲ ਅੱਖਾਂ ਵਿੱਚ ਲਾਲ ਅੱਖਾਂ (Red eye) ਦਾ ਪ੍ਰਭਾਵ ਜਾਂ ਕੋਈ ਹੋਰ ਅਜਿਹਾ ਪ੍ਰਭਾਵ ਨਹੀਂ ਹੋਣਾ ਚਾਹੀਦਾ ਜੋ ਅੱਖਾਂ ਦੀ ਦਿੱਖ ਨੂੰ ਘਟਾਵੇ।

- ਧਾਰਮਿਕ ਕਾਰਨਾਂ ਤੋਂ ਇਲਾਵਾ ਸਿਰ ਢੱਕਣ ਦੀ ਇਜਾਜ਼ਤ ਨਹੀਂ ਹੈ, ਪਰ ਠੋਡੀ ਦੇ ਹੇਠਾਂ ਤੋਂ ਮੱਥੇ ਦੇ ਸਿਖਰ ਤੱਕ ਅਤੇ ਚਿਹਰੇ ਦੇ ਦੋਵੇਂ ਕਿਨਾਰਿਆਂ ਤੱਕ ਚਿਹਰੇ ਦੀਆਂ ਵਿਸ਼ੇਸ਼ਤਾਵਾਂ ਸਾਫ਼ ਦਿਖਾਈ ਦੇਣੀਆਂ ਚਾਹੀਦੀਆਂ ਹਨ।

- ਚਿਹਰੇ 'ਤੇ ਹਾਵ-ਭਾਵ ਕੁਦਰਤੀ ਲੱਗਣੇ ਚਾਹੀਦੇ ਹਨ।

# ਸਰਕਾਰ ਖਿਲਾਫ ਬੋਲਣ ਵਾਲੇ 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ ਖਿਲਾ.ਫ ਬਲਾਤਕਾਰ ਦਾ ਕੇਸ ਦਰਜ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਸਰਕਾਰ ਖਿਲਾਫ ਬਿਆਨਬਾਜ਼ੀ ਕਰਨ ਵਾਲੇ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਖਿਲਾਫ਼ ਬਲਾਤਕਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵਲੋਂ ਕੇਸ ਦਰਜ ਕਰਨ ਉਪਰੰਤ ਪਠਾਨਮਾਜਰਾ ਨੂੰ ਕਰਨਾਲ ਦੇ ਡਾਬਰੀ ਪਿੰਡ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਵਿਧਾਇਕ ਦੇ ਸਮਰਥਕਾਂ ਵੱਲੋਂ ਕੀਤੀ ਧੱਕਾਮੁੱਕੀ ਦੌਰਾਨ ਉਹ ਪੁਲੀਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਜਾਣਕਾਰੀ ਅਨੁਸਾਰ ਪਟਿਆਲਾ ਪੁਲੀਸ ਦੀ ਟੀਮ ਸਥਾਨਕ ਕਰਨਾਲ ਪੁਲੀਸ ਅਤੇ ਐੱਸਐੱਚਓ ਪੱਧਰ ਦੇ ਤਿੰਨ ਅਧਿਕਾਰੀਆਂ ਨਾਲ 'ਆਪ' ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਲਈ ਮੌਕੇ 'ਤੇ ਪਹੁੰਚੀ ਸੀ। ਹਾਲਾਂਕਿ ਪਠਾਣਮਾਜਰਾ ਪਿੰਡ ਵਾਸੀਆਂ ਤੇ ਸਮਰਥਕਾਂ ਦੀ ਮਦਦ ਨਾਲ ਇੱਕ ਚਿੱਟੇ ਰੰਗ ਦੀ ਐੱਸਯੂਵੀ ਵਿੱਚ ਮੌਕੇ ਤੋਂ ਭੱਜਣ ਵਿੱਚ ਸਫ਼ਲ ਰਿਹਾ। ਪੁਲੀਸ ਸੂਤਰਾਂ ਅਨੁਸਾਰ ਭੱਜਣ ਦੌਰਾਨ ਕਥਿਤ ਤੌਰ 'ਤੇ ਗੋਲੀਆਂ ਵੀ ਚਲਾਈਆਂ ਗਈਆਂ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ, ਕਈ ਟੀਮਾਂ ਦੀ ਮੌਜੂਦਗੀ ਦੇ ਬਾਵਜੂਦ, ਵਿਧਾਇਕ ਸਥਾਨਕ ਲੋਕਾਂ ਦੀ ਮਦਦ ਨਾਲ ਭੱਜ ਗਿਆ। ਅਸੀਂ ਹੁਣ ਉਸ ਨੂੰ ਲੱਭਣ ਲਈ ਹਰਿਆਣਾ ਪੁਲੀਸ ਨਾਲ ਤਾਲਮੇਲ ਕਰ ਰਹੇ ਹਾਂ। ਪਠਾਣਮਾਜਰਾ ਦੇ ਮੌਕੇ ਤੋਂ ਭੱਜਣ ਦੌਰਾਨ ਐਸ ਯੂ ਵੀ ਨਾਲ ਟਕਰਾਉਣ ਤੋਂ ਬਾਅਦ ਇੱਕ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਕਿਹਾ ਕਿ ਡਿਊਟੀ 'ਤੇ ਮੌਜੂਦ ਪੁਲੀਸ ਅਧਿਕਾਰੀ 'ਤੇ ਹਮਲਾ ਕਰਨ ਅਤੇ ਜ਼ਖਮੀ ਕਰਨ ਲਈ ਵੱਖਰੇ ਤੌਰ 'ਤੇ ਕੇਸ ਦਰਜ ਕੀਤਾ ਜਾਵੇਗਾ।



ਪਠਾਣਮਾਜਰਾ ਖਿਲਾਫ਼ ਕੇਸ ਅਜਿਹੇ ਮੌਕੇ ਦਰਜ ਕੀਤਾ ਗਿਆ ਹੈ ਜਦੋਂ 'ਆਪ' ਵਿਧਾਇਕ ਵੱਲੋਂ ਹੜ੍ਹ ਪ੍ਰਬੰਧਨ ਤੇ ਰਾਹਤ ਕਾਰਜਾਂ ਨੂੰ ਲੈ ਕੇ ਆਪਣੀ ਹੀ ਸਰਕਾਰ ਦੀ ਜਨਤਕ ਤੌਰ 'ਤੇ ਆਲੋਚਨਾ ਕੀਤੀ ਗਈ ਅਤੇ 'ਦਿੱਲੀ ਲਾਬੀ' ਨੂੰ ਧਾੜਵੀ ਦਸਦਿਆਂ ਪੰਜਾਬ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਦੋਸ਼ ਲਗਾਏ। ਇਸ ਦੌਰਾਨ ਪਠਾਨਮਾਜਰਾ ਦੇ ਹਮਾਇਤੀਆਂ ਵੱਲੋਂ ਕੀਤੇ ਜਾਣ ਵਾਲੇ ਵਿਰੋਧ ਪ੍ਰਦਰਸ਼ਨ ਦੇ ਮੱਦੇਨਜ਼ਰ ਪਟਿਆਲਾ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਪੁਲੀਸ ਵੱਲੋਂ ਫ਼ਰਾਰ ਵਿਧਾਇਕ ਨੂੰ ਲੱਭਣ ਅਤੇ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।


























# ਵਾਰਡ 5 ਤੋਂ ਮੌਜੂਦਾ ਕੌਂਸਲਰ ਰਾਜ ਧਾਲੀਵਾਲ ਨੇ ਆਪਣੇ ਕੀਤੇ ਕੰਮਾਂ ਬਦਲੇ ਵੋਟਾਂ ਮੰਗੀਆਂ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 20 ਅਕਤੂਬਰ 2025 ਨੂੰ ਕੈਲਗਰੀ ਸਿਟੀ ਕੌਂਸਿਲ ਦੀਆਂ ਹੋਣ ਵਾਲੀਆਂ ਚੋਣਾਂ ਲਈ ਵਾਰਡ 5 ਤੋਂ ਮੌਜੂਦਾ ਕੌਂਸਲਰ ਰਾਜ ਧਾਲੀਵਾਲ ਦੁਬਾਰਾ ਫਿਰ ਚੋਣ ਮੈਦਾਨ ਵਿੱਚ ਹਨ। ਬੀਤੇ ਦਿਨੀ ਉਹਨਾਂ ਆਪਣੀ ਚੋਣ ਮੁਹਿੰਮ ਦਾ ਉਦਘਾਟਨ ਪੰਜਾਬੀ ਭਾਈਚਾਰੇ ਦੇ ਵੱਡੇ ਇਕੱਠ ਵਿੱਚ ਕੀਤਾ। ਪਰੋਗਰਾਮ ਦੀ ਸੁਰੂਆਤ ਉਹਨਾਂ ਦੇ ਬੇਟੇ ਨੇ ਬਹੁਤ ਹੀ ਜ਼ਜਬਾਤੀ ਸਬਦਾਂ ਨਾਲ ਕੀਤੀ ਕਿ ਮੇਰੇ ਪਾਪਾ ਜੀ ਲੋਕਾਂ ਲਈ ਕੰਮ ਕਰਦੇ ਹੋਣ ਕਰਕੇ ਸਾਨੂੰ ਘੱਟ ਟਾਈਮ ਦਿੰਦੇ ਹਨ। ਉੱਘੇ ਸਮਾਜ ਸੇਵੀ ਅਤੇ ਬਿਜਨਿਸਮੈਨ ਪਾਲੀ ਵਿਰਕ ਨੇ ਆਖਿਆ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਰਾਜ ਧਾਲੀਵਾਲ ਨੇ ਬੀਤੇ ਚਾਰ ਸਾਲਾਂ ਵਿੱਚ ਤੁਹਾਡੇ ਲਈ ਕੋਈ ਕੰਮ ਕੀਤਾ ਹੈ ਤਾਂ ਫਿਰ ਆਪਣੀ ਵੋਟ ਰਾਜ ਧਾਲੀਵਾਲ ਨੂੰ ਹੀ ਪਾਇਓ। ਜਦੋਂ ਰਾਜ ਧਾਲੀਵਾਲ ਦੇ ਹੱਥ ਵਿੱਚ ਮਾਈਕ ਆਇਆ ਤਾਂ ਉਸਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੀ ਲਿਸਟ ਸਾਂਝੀ ਕਰਦਿਆਂ ਕਿਹਾ ਕਿ ਕੋਈ ਦੱਸ ਸਕਦੈ ਕਿ ਚਾਰ ਸਾਲ ਪਹਿਲਾਂ ਕਿੰਨੇ ਕੁ ਗਜ਼ੀਬੋ ਸਨ ਵਾਰਡ 5 ਵਿੱਚ ਪਰ ਹੁਣ 8 ਗਜ਼ੀਬੋ ਹਨ। ਬੱਸ ਸਟੈਂਡਾਂ ਉੱਪਰ ਬੱਸ ਸ਼ੈਲਟਰ ਬਣਾਏ ਜਾ ਰਹੇ ਹਨ। ਸੜਕ ਦੁਰਘਟਨਾਵਾਂ ਤੋਂ ਸੁਰੱਖਿਆ ਲਈ ਲਾਈਟਾਂ ਲਗਾਈਆਂ ਗਈਆਂ ਹਨ। ਜੇਕਰ ਤੁਸੀਂ ਮੈਨੂੰ ਚੁਣਿਆ ਸੀ ਤਾਂ ਮੈਂ ਬੀਤੇ ਚਾਰ ਸਾਲ ਤੁਹਾਡੇ ਵਿਚਕਾਰ ਹੀ ਰਿਹਾ ਹਾਂ। ਭਵਿੱਖ ਦੀਆਂ ਯੋਜਨਾਵਾਂ ਉਹਨਾਂ ਪਹਿਲਾਂ ਹੀ ਉਲੀਕੀਆਂ ਹੋਈਆਂ ਹਨ। ਕੰਟਰੀਹਿੱਲਜ ਬੁਲੇਵਾਰਡ ਨੂੰ ਚੌੜਾ ਕਰਨ ਦਾ ਕੰਮ ਚੱਲ ਰਿਹਾ ਹੈ। 60 ਸਟਰੀਟ ਦਾ ਕੰਮ ਵੀ ਚਾਲੂ ਹੋ ਰਿਹਾ ਹੈ। ਏਅਰਪੋਰਟ ਟਰੇਲ - 96 ਐਵਨਿਊ ਨੂੰ ਚੌੜਾ ਕਰਨਾ ਹੈ। ਸਕਾਈਵਿਊ ਵਿੱਚ ਰਿੱਕ ਸੈਂਟਰ ਬਣਾਉਣਾ ਹੈ। ਤੁਸੀਂ ਮੈਨੂੰ ਅਗਲੇ ਚਾਰ ਸਾਲਾਂ ਲਈ ਆਪਣਾ ਨੌਕਰ ਚੁਣਨਾ ਹੈ। ਨੌਕਰ ਰੱਖਣ ਤੋਂ ਪਹਿਲਾਂ ਉਸ ਦੇ ਰੈਜ਼ੂਮੇ (ਯੋਗਤਾ) ਚੈੱਕ ਕਰੀ ਦੀ ਹੈ ਜੋ ਤੁਸੀਂ ਬੀਤੇ ਚਾਰ ਸਾਲਾਂ ਵਿੱਚ ਚੈੱਕ ਕਰ ਹੀ ਚੁੱਕੇ ਹੋ। ਸੋ ਹੁਣ ਆਉਣ ਵਾਲੀ 20 ਅਕਤੂਬਰ ਨੂੰ ਮੈਨੂੰ ਤੁਹਾਡੀ ਇੱਕ-ਇੱਕ ਵੋਟ ਦੀ ਲੋੜ ਹੈ। ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਆਉਣ ਵਾਲੇ ਚਾਰ ਸਾਲਾਂ ਦੌਰਾਨ ਮੇਰੇ ਕੀਤੇ ਕੰਮਾਂ ਨੂੰ ਵਾਰਡ 5 ਦੇ ਵਸਨੀਕ ਯਾਦ ਕਰਿਆ ਕਰਨਗੇ ਕਿ ਰਾਜ ਧਾਲੀਵਾਲ ਨਾਂ ਦਾ ਕੌਂਸਲਰ ਕਦੀ ਆਇਆ ਸੀ। ਇਸ ਸਮਾਗਮ ਦੌਰਾਨ ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ ਦੀ ਹਾਜ਼ਿਰੀ ਰਾਜ ਧਾਲੀਵਾਲ ਦੀ ਸਫਲਤਾ ਲਈ ਹਾਮੀ ਭਰਦੀਆਂ ਦਿਖਾਈ ਦੇ ਰਹੀ ਸੀ।

## ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਦੀ 2025 ਦੀ ਆਖਿਰੀ ਪਿਕਨਿਕ ਯਾਦਗਾਰੀ ਹੋ ਨਿਬੜੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀ ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਦੀ ਇਸ ਸਾਲ ਦੀ ਆਖ਼ਰੀ ਪਿਕਨਿਕ ਅਤੇ ਸਲਾਨਾ ਖੇਡਾਂ ਐਡਵਰਦੀ ਪਾਰਕ ਦੀਆਂ ਖੁੱਲੀ ਗਰਾਊਡ ਵਿੱਚ ਹੋਈਆਂ ਜਿਸ ਵਿੱਚ 100 ਤੋਂ ਵੱਧ ਮੈਂਬਰਾਂ ਨੇ ਭਾਗ ਲਿਆ। ਐਸੋਸੀਏਸਨ ਦੇ ਸਕੱਤਰ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਕੁੱਝ ਦਿਨ ਪਹਿਲਾ ਕੈਲਗਰੀ ਦੇ ਸਾਬਕਾ ਐਮ ਐਲ ਏ ਪ੍ਰਬ ਗਿੱਲ ਦੇ 20 ਸਾਲ ਦੇ ਨੌਜਵਾਨ ਪੁੱਤਰ ਅਰਜਨ ਗਿੱਲ ਦੀ ਸੜਕੀ ਹਾਦਸੇ ਵਿੱਚ ਹੋਈ ਦਰਦਨਾਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਤੋਂ ਬਾਦ ਐਸੋਸੀਏਸਨ ਦੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਨੇੜਲੇ ਭਵਿੱਖ ਵਿੱਚ ਆਉਣ ਵਾਲੇ ਪ੍ਰੋਗਰਾਮ ਦੀ ਜਾਣਕਾਰੀ ਹਾਜ਼ਿਰ ਮੈਂਬਰਾਂ ਨਾਲ ਸਾਂਝੀ ਕੀਤੀ।ਉਹਨਾਂ ਨੇ ਵਿਸ਼ੇਸ਼ ਤੌਰ ਤੇ ਮੈਂਬਰਾਂ ਨੂੰ ਹਰ ਮੁੱਦੇ ਤੇ ਉਸਾਰੂ ਸੋਚ ਅਪਨਾਉਣ ਲਈ ਬੇਨਤੀ ਕੀਤੀ।ਅਸੀ ਸਾਰੇ ਇੱਕ ਹੀ ਹਾਂ ਅਤੇ ਰੰਗ,ਜਾਤ,ਧਰਮ ਅਤੇ ਕੌਮ ਦੇ ਅਧਾਰ ਤੇ ਵਖਰੇਵਾ ਨਹੀਂ ਕਰਨਾ ਚਾਹੀਦਾ। ਗਲਤ ਨੂੰ ਗਲਤ ਕਹਿਣ ਦੀ ਹਿੰਮਤ ਕਰਨੀ ਚਾਹੀਦੀ ਹੈ ਭਾਵੇਂ ਉਹ ਆਪਣਾ ਹੀ ਕਿਉਂ ਨਾ ਹੋਵੇ। ਇਸ ਤੋਂ ਬਾਦ ਉਹਨਾ ਨੇ ਕਾਰਜਕਾਰਨੀ ਕਮੇਟੀ ਵਿੱਚ ਵਿਚਾਰੀਆ ਗਈਆਂ ਬਾਈਲਾਅਜ ਵਿੱਚ ਤਬਦੀਲੀਆਂ ਨੂੰ ਜਨਰਲ ਹਾਊਸ ਵਿੱਚ ਮਨਜ਼ੂਰੀ ਲਈ ਰੱਖਿਆ। ਹਰੇਕ ਤਬਦੀਲੀ 3 ਮੈਂਬਰਾਂ ਦੀ ਸਿਫਾਰਸ ਤੋਂ ਬਾਦ ਜਨਰਲ ਹਾਉਸ ਵੱਲੋ ਵਾਇਸ ਵੋਟ ਦੀ ਸਹਿਮਤੀ ਨਾਲ ਪਾਸ ਕੀਤੀ ਗਈ। ਅਗੱਸਤ ਮਹੀਨੇ ਵਿੱਚ ਜਨਮੇ ਮੈਂਬਰਾਂ ਨੂੰ ਮੁਬਾਰਕਾਂ ਦਿੱਤੀਆ ਗਈਆਂ ਅਤੇ ਉਹਨਾਂ ਨੂੰ ਗਿਫਟ ਕਾਰਡ ਨਾਲ ਕਰਮ ਸਿੰਘ ਮੁੰਡੀ ਵੱਲੋ ਸਨਮਾਨਤ ਕੀਤਾ ਗਿਆ।ਹਰਚੰਦ ਸਿੰਘ ਪਨੇਸਰ ਅਤੇ ਪ੍ਰਧਾਨ ਵੱਲੋ ਕੁੱਝ ਤਾਜ਼ਾ ਤਰੀਨ ਚੁਟਕਲੇ ਸੁਣਾਏ ਗਏ।ਵਿਜੈ ਸਚਦੇਵਾ ਨੇ ਹਿੰਦੀ ਫ਼ਿਲਮ ਦਾ ਗੀਤ 'ਹੈ ਆਪਣਾ ਦਿਲ ਤੋ ਅਵਾਰਾ ਨਾ ਜਾਨੇ ਕਿਸ ਪਰ ਆਏਗਾ' ਤੁਰੱਨਮ ਵਿੱਚ ਗਾ ਕੇ ਸੁਣਾਇਆ। ਸਿਟੀ ਕੌਂਸਲ ਲਈ ਵਾਰਡ ਨੰ 3 ਦੇ ਉਮੀਦਵਾਰ ਤਰੁਣ ਢਿੱਲੋਂ ਅਤੇ ਜਸਪ੍ਰੀਆ ਜੌਹਲ ਨੇ ਆਪਣੇ-ਆਪਣੇ ਹੱਕ ਵਿੱਚ ਵੋਟਾਂ ਪਾਉਣ ਲਈ ਬੇਨਤੀ ਕੀਤੀ।ਦਰਸ਼ਨ ਸਿੰਘ ਧਾਲੀਵਾਲ ਜੋ ਕਿ ਵਾਰਡ ਨੰ 5 ਦੇ ਉਮੀਦਵਾਰ ਰਾਜ ਧਾਲੀਵਾਲ ਦੇ ਪਿਤਾ ਹਨ ਉਹਨਾ ਨੇ ਰਾਜ ਨੂੰ ਵੋਟ ਪਾਉਣ ਲਈ ਬੇਨਤੀ ਕੀਤੀ।ਸਲਾਨਾ ਖੇਡਾਂ ਜਿਸ ਵਾਸਤੇ ਕਰਮ ਸਿੰਘ ਭੁੱਲਰ,ਪਰਮਿੰਦਰ ਗਰੇਵਾਲ ਅਤੇ ਸੁੱਖੀ ਕੁੰਡੂ ਤਿਆਰ ਬਰ ਤਿਆਰ ਖੜੇ ਸਨ। ਸਭ ਤੋਂ ਪਹਿਲਾ ਵੱਖ ਵੱਖ ਉਮਰ ਦੀਆਂ ਔਰਤਾਂ ਲਈ ਸਪੂਨ ਰੇਸ ਫੇਰ ਸ਼ੋਟਪੁੱਟ,ਇੱਕ ਲੱਤ ਤੇ ਖੜਨਾ ਅਤੇ ਸਾਰਿਆਂ ਲਈ ਡਿਸਕੋ ਸਟੇਸ਼ਨ ਵਰਗੀਆਂ ਕੁੱਲ 16 ਗੇਮਾ ਕਰਵਾਈਆਂ ਗਈਆਂ ਜਿਹਨਾ ਵਿੱਚ 50 ਤੋਂ ਵੱਧ ਮੈਂਬਰਾਂ ਨੇ ਹਿੱਸਾ ਲਿਆ।ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਆਏ ਮੈਂਬਰਾਂ ਨੂੰ 20,15 ਅਤੇ 10 ਡਾਲਰ ਦੇ ਗਿਫਟ ਕਾਰਡ ਦੇ ਕਿ ਸਨਮਾਨਿਤ ਕੀਤਾ ਗਿਆ।ਆਖ਼ਿਰ ਵਿੱਚ ਪ੍ਰਧਾਨ ਨੇ ਸਾਰੇ ਮੈਂਬਰਾਂ ਦਾ ਸਹਿਯੋਗ ਦੇਣ ਅਤੇ ਅਨੁਸ਼ਾਸਨ ਵਿੱਚ ਰਹਿਣ ਲਈ ਧੰਨਵਾਦ ਕੀਤਾ।ਬਾਦ ਵਿੱਚ ਮੈਂਬਰਾਂ ਨੇ ਘਰ ਵਰਗੇ ਖਾਣੇ ਦਾ ਅਨੰਦ ਮਾਣਿਆ।ਤਕਰੀਬਨ 8 ਵਜੇ ਸਾਰੇ ਪ੍ਰੋਗਰਾਮ ਦੀ ਸਮਾਪਤੀ ਹੋਈ। ਆਖ਼ਰੀ ਪਿਕਨਿਕ ਅਤੇ ਸਲਾਨਾ ਖੇਡਾਂ ਇੱਕ ਸਦੀਵੀ ਯਾਦਗਰ ਬਣ ਕੇ ਰਹਿ ਗਈਆ।

## ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਮੱਦਦ ਦੀ ਅਪੀਲ ਕੀਤੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਦੀ ਮਾਸਿਕ ਮੀਟਿੰਗ 27 ਅਗਸਤ ਨੂੰ ਲਿਵਿੰਗਸਟਨ ਕਮਿਉਨਿਟੀ ਸੈਂਟਰ ਦੇ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸੰਤੋਖ ਸਿੰਘ ਕੰਦੋਲਾ ਨੇ ਕੀਤੀ। ਮੀਟਿੰਗ ਦੇ ਆਰੰਭ ਹੋਣ ਤੋ ਪਹਿਲਾਂ ਮੈਡਮ ਗੁਰਮਿੰਦਰ ਕੌਰ ਨੇ ਗੁਰਬਾਣੀ ਦਾ ਸ਼ਬਦ "ਜੋ ਮਾਂਗੇ ਠਾਕੁਰ ਅਪਨੇ ਤੇ" ਦਾ ਗਾਇਨ ਬੜੀ ਰਸਭਿੰਨੀ ਆਵਾਜ਼ ਵਿੱਚ ਸਰਵਣ ਕਰਵਾਇਆ। ਮੰਚ ਸੰਭਾਲਦਿਆਂ ਸੈਕਟਰੀ ਜਸਪਾਲ ਸਿੰਘ ਕੰਗ ਨੇ ਉੱਘੇ ਹਾਸਰਸ ਕਲਾਕਾਰ ਸ੍ਰੀ ਜਸਵਿੰਦਰ ਸਿੰਘ ਭੱਲਾ ਦੀ ਹੋਈ ਅਚਾਨਕ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਸ੍ਰੀ ਸੁਖਮੰਦਰ ਸਿੰਘ ਗਿੱਲ ਨੇ ਆਪਣੀ ਮਧੁਰ ਅਵਾਜ਼ ਵਿੱਚ ਸ਼ਹੀਦ ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਦੇਸ਼ ਭਗਤੀ ਦੇ ਵਲਵਲੇ ਅਪਣੇ ਵੀਰ ਨੂੰ ਸਮਰਪਿਤ ਕਵਿਤਾ "ਮਾਤਾ ਦੀ ਕੁੱਖ ਤੋਂ ਮੁੜ ਕੇ ਜਨਮ ਨਹੀਂ ਲੈਣਾ" ਰਾਹੀਂ ਪ੍ਰਗਟਾਏ। ਸ੍ਰ ਬਲਜੀਤ ਸਿੰਘ ਪੰਧੇਰ ਨੇਂ ਆਜ਼ਾਦੀ ਦਿਵਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਖੋਜ ਭਰਪੂਰ ਸ਼ਬਦਾਂ ਰਾਹੀਂ ਹਾਜ਼ਰੀਨ ਨੂੰ ਜਾਣੂ ਕਰਵਾਇਆ। ਸ੍ਰ ਦਰਸ਼ਨ ਸਿੰਘ ਦਰਦੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਵਿਤਾ ਦੇ ਨਾਲ ਅਜ਼ਾਦੀ ਸਮੇਂ ਪੰਜਾਬ ਦੀ ਵੰਡ ਨੂੰ ਕਵਿਤਾ "ਵੇਖ ਵੇਖਕੇ ਰੋਈਏ ਪੰਜਾਬ ਵਿੱਚਕਾਰੋਂ ਪਾੜੇ ਨੂੰ " ਰਾਹੀਂ ਪੰਜਾਬੀਆਂ ਦੇ ਦਰਦ ਨੂੰ ਬਿਆਨ ਕੀਤਾ। ਸ੍ਰੀ ਵਿਜੇ ਸਚਦੇਵਾ ਨੇ ਹਿੰਦੀ ਗੀਤ "ਛੂ ਲੇਨੇ ਦੋ ਨਾਜ਼ੁਕ ਹੋਠੋਂ ਕੋ" ਗਾ ਕੇ ਹਾਜ਼ਰੀ ਲਵਾਈ। ਸ਼੍ਰੀ ਕੁਲਵੰਤ ਰਾਏ ਸ਼ਰਮਾ ਨੇ ਪਿਛੋਕੜ ਵਿੱਚ ਕੁਝ ਅਣ-ਸੁਖਾਵੀਆਂ ਗਤੀਵਿਧੀਆਂ ਤੋਂ ਸਬਕ ਲੈਕੇ ਅਗਾਂਹ ਸੁਚੇਤ ਹੋ ਕੇ ਚੱਲਣ ਦੀ ਅਪੀਲ ਕੀਤੀ। ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਪੰਜਾਬ ਵਿੱਚ ਚੱਲ ਰਹੀ ਹੜ੍ਹਾਂ ਦੀ ਮਾਰ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੈਂਬਰਾਂ ਨੂੰ ਸਿੱਧੇ ਤੌਰ ਤੇ ਸਹਾਇਤਾ ਕਰਨ ਦੀ ਅਪੀਲ ਕੀਤੀ। ਸ੍ਰ ਕਰਮ ਸਿੰਘ ਭੁੱਲਰ ਨੇ ਅਪਣੇ ਨਿਵੇਕਲੇ ਅੰਦਾਜ਼ ਵਿੱਚ ਚੁਟਕਲੇ ਸੁਣਾ ਕੇ ਹਾਜ਼ਰੀਨ ਦਾ ਮਨੋਰੰਜਨ ਕੀਤਾ। ਕੈਲਗਰੀ ਸਿਟੀ ਕੌਂਸਲ ਲਈ ਅਕਤੂਬਰ ਮਹੀਨੇ ਹੋ ਰਹੀਆਂ ਕੌਸ਼ਲਰ ਚੋਣਾ ਲਈ ਉਮੀਦਵਾਰ ਸ੍ਰੀ ਅਤੂਲ ਚੌਹਾਨ ਤੇ ਸ੍ਰੀ ਤਰੁਨ ਢਿਲੋਂ ਨੇ ਆਪਣੀ ਹਾਜ਼ਰੀ ਲਵਾਈ। ਅੰਤ ਵਿੱਚ ਅਗਸਤ ਮਹੀਨੇ ਵਿੱਚ ਪੈਂਦੇ ਜਨਮ ਦਿਨ ਵਾਲੇ ਸੋਸਾਇਟੀ ਦੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ। ਸੋਸਾਇਟੀ ਦੇ ਪ੍ਰਧਾਨ ਸ੍ਰ ਸੰਤੋਖ ਸਿੰਘ ਕੰਦੋਲਾ ਨੇ ਕਾਰਵਾਈ ਸਮੇਟਦਿਆਂ ਆਏ ਮਹਿਮਾਨਾਂ ਦਾ ਤੇ ਹਾਜ਼ਰੀਨ ਮੈਂਬਰਾਂ ਦਾ ਧੰਨਵਾਦ ਕੀਤਾ।

## ਪੰਜਾਬੀ ਸਾਹਿਤ ਸਭਾ ਵੱਲੋਂ ਗਿੱਲ ਸੁਖਮੰਦਰ ਦੀ ਕਾਵਿ-ਪੁਸਤਕ 'ਖ਼ਾਕ ਤੋਂ ਖ਼ਾਕ ਤੱਕ' ਲੋਕ ਅਰਪਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਪ੍ਰਧਾਨ ਸੁਰਿੰਦਰ ਗੀਤ, ਗਿੱਲ ਸੁਖਮੰਦਰ, ਉਹਨਾਂ ਦੀ ਪਤਨੀ ਸੁਖਮਿੰਦਰ ਗਿੱਲ ਅਤੇ ਡਾਕਟਰ ਨਵਨੀਤ ਸਿੰਘ ਖੋਸਾ ਦੀ ਪ੍ਰਧਾਨਗੀ ਵਿੱਚ ਹੋਈ । ਪੰਜਾਬ ਦੇ ਪ੍ਰਸਿੱਧ ਕਾਮੇਡੀਅਨ ਅਤੇ ਪੰਜਾਬੀ ਫ਼ਿਲਮਾਂ ਦੇ ਅਦਾਕਾਰ ਜਸਵਿੰਦਰ ਭੱਲਾ ਜੀ ਦੇ ਅਚਾਨਕ ਅਕਾਲ ਚਲਾਣੇ ਮੌਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਫਿਰ ਗਿੱਲ ਸੁਖਮੰਦਰ ਦੀ ਪਲੇਠੀ ਕਾਵਿ-ਪੁਸਤਕ 'ਖ਼ਾਕ ਤੋ ਖ਼ਾਕ ਤਕ ' ਲੋਕ ਅਰਪਣ ਕੀਤੀ ਗਈ। 192 ਸਫਿਆਂ ਵਾਲੀ ਇਸ ਕਿਤਾਬ ਵਿੱਚ ਕੁੱਲ 127 ਕਵਿਤਾਵਾ ਅਤੇ ਗੀਤ ਦਰਜ਼ ਹਨ।

'ਇਹ ਖ਼ਾਕ ਤੋਂ ਬਸ ਖ਼ਾਕ ਤੱਕ<br>
ਦਾ ਪੰਧ ਹੈ<br>
ਇਹ ਸਾਹ ਵੀ ਉਸਦੇ ਹੁਕਮ ਦਾ<br>
ਪਾਬੰਦ ਹੈ ।'

ਹਾਜਰੀਨ ਵਿੱਚੋਂ ਰਵੀ ਜਨਾਗਲ, ਸੁਖਮਿੰਦਰ ਤੂਰ, ਮਨਮੋਹਨ ਬਾਠ, ਵਿਜੈ ਸੱਚਦੇਵਾ, ਜੋਗਾ ਸਿੰਘ ਸਿਹੋਤਾ, ਗੁਰਮੀਤ ਭੱਲਾ ਨੇ ਸੁਖਮੰਦਰ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ। ਗਿੱਲ ਸੁਖਮੰਦਰ ਦੀ ਬੇਟੀ ਰਵਨੀਤ ਸਿੱਧੂ ਨੇ ਆਪਣੇ ਪਿਤਾ ਦੇ ਜੀਵਨ ਦੀਆਂ ਕਈ ਵੱਡਮੁੱਲੀਆਂ ਗੱਲਾਂ ਸਾਂਝੀਆਂ ਕੀਤੀਆਂ । ਜਗਦੇਵ ਸਿੱਧੂ ਹੋਰਾਂ 'ਖ਼ਾਕ ਤੋਂ ਖ਼ਾਕ ਤਕ' ਪੁਸਤਕ ਦਾ ਲੇਖਾ ਜੋਖਾ ਕਰਦਿਆਂ ਕਿਹਾ ਕਿ ਇਸ ਪੁਸਤਕ ਵਿਚਲੀਆਂ ਕਈ ਰਚਨਾਵਾਂ ਬਹੁਤ ਆਹਲੇ ਦਰਜੇ ਦੀਆਂ ਹਨ । ਪਾਠਕਾਂ ਤੇ ਬੜਾ ਗਹਿਰਾ ਅਸਰ ਛੱਡਦੀਆਂ ਹਨ । ਸੁਖਮੰਦਰ ਨੇ ਸਭ ਤਰ੍ਹਾਂ ਦੇ ਵਿਸ਼ਿਆਂ ਨੂੰ ਛੋਹਿਆ ਹੈ । ਪਲੇਠੀ ਪੁਸਤਕ ਹੋਣ ਦੇ ਬਾਵਜੂਦ ਇਸ ਪੁਸਤਕ ਦਾ ਸਾਹਿਤਕ ਹਲਕਿਆਂ ਵਿੱਚ ਬਹੁਤ ਚਰਚਾ ਹੈ । ਸੁਖਮੰਦਰ ਤੋਂ ਭਵਿੱਖ ਵਿੱਚ ਹੋਰ ਵੀ ਵਧੀਆ ਕਵਿਤਾ ਦੀ ਆਸ ਹੈ ।ਪ੍ਰਮੁੱਖ ਰੇਡੀਓ ਹੋਸਟ ਰਿਸ਼ੀ ਨਾਗਰ, ਡਾ: ਰਾਜਵੰਤ ਕੌਰ ਮਾਨ, ਡਾ: ਨਵਨੀਤ ਖੋਸਾ, ਸ: ਜ਼ੀਰ ਸਿੰਘ ਬਰਾੜ, ਅੰਗਰੇਜ਼ ਸਿੰਘ ਸੀਤਲ , ਹਰਮੰਦਰ ਸਿੰਘ, ਜਸਵੰਤ ਸਿੰਘ ਸੇਖੋਂ,ਮਨਜੀਤ ਬਰਾੜ, ਸਰਦੂਲ ਲੱਖਾ,ਗੁਰਰਾਜ ਵਿਰਕ, ਸੁਖਪ੍ਰੀਤ, ਲਖਵਿੰਦਰ ਸਿੰਘ ਸਿੱਧੂ ਪਟਿਆਲਾ, ਜਰਨੈਲ ਸਿੰਘ ਤੱਗੜ, ਪ੍ਰਿ: ਅਮਰਜੀਤ ਸਿੰਘ,ਮੰਚ ਉਪਰੋਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ । ਸੁਰਿੰਦਰ ਗੀਤ ਨੇ ਆਪਣੀਆਂ ਦੋ ਨਜ਼ਮਾਂ ਸੁਣਾਈਆਂ ਅਤੇ 'ਕਵਿਤਾ' ਬਾਰੇ ਆਪਣੇ ਵਿਚਾਰ ਸਾਂਝੇ ਕੀਤੇ । ਮੰਚ ਸੰਚਾਲਨ ਕਰਦੇ ਹੋਏ ਗੁਰਦਿਆਲ ਸਿੰਘ ਖਹਿਰਾ ਨੇ ਪੁਸਤਕ 'ਖ਼ਾਕ ਤੋਂ ਖ਼ਾਕ' ਬਾਰੇ ਬੜੀਆਂ ਖੂਬਸੂਰਤ ਟਿਪਣੀਆਂ ਕੀਤੀਆਂ ।


## ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਆਪਣਾ 13ਵਾਂ ਸਥਾਪਨਾ ਦਿਨ ਮਨਾਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਮੌਂਟਰੀ ਪਾਰਕ ਹਾਲ ਵਿੱਚ 29 ਅਗਸਤ ਦਿਨ ਸ਼ੁੱਕਰਵਾਰ ਨੂੰ ਬਾਦ ਦੁਪਹਿਰ ਇੱਕ ਵਜੇ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ (AGM) ਹੋਈ ਜਿਸ ਵਿੱਚ 80 ਮੈਂਬਰਾਂ ਨੇ ਹਿੱਸਾ ਲਿਆ। ਹਮੇਸ਼ਾ ਵਾਂਗ ਸਾਰਿਆਂ ਦੇ ਖਾਣਾ ਖਾ ਲੈਣ ਤੋਂ ਬਾਦ ਮੀਟਿੰਗ ਦੀ ਸ਼ੁਰੂਆਤ, 13 ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇ ਕੇ ਕੀਤੀ ਗਈ। ਪ੍ਰੋਗਰਾਮ ਸੁਖਮੰਦਰ ਗਿੱਲ ਨੇ ਗੁਰਬਾਣੀ ਦੇ ਇੱਕ ਸ਼ਬਦ ਦੇ ਗਾਇਨ ਨਾਲ ਸ਼ੁਰੂ ਕੀਤਾ । ਸੁਰਜੀਤ ਸਿੰਘ ਹੇਅਰ ਨੇ ਦੱਸਿਆ ਕਿ 27 ਅਗਸਤ 2013 ਨੂੰ ਹੋਂਦ ਵਿੱਚ ਆਈ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੀ ਅੱਜ ਆਪਣਾ ਤੇਰਵਾਂ ਜਨਮ ਦਿਨ ਮਨਾ ਰਹੀ ਹੈ। ਬੀਤੇ ਸਮੇਂ ਵਿੱਚ ਦਿੱਤੇ ਸਹਿਯੋਗ ਲਈ ਸਾਰੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਤੇ ਬੋਰਡ ਦੇ ਮੈਂਬਰਾਂ ਸੁਰਿੰਦਰ ਕਾਲੀਆ, ਨਿਰਮਲ ਕੁਲਾਰ, ਪਰਬੇਸ਼ ਪਰਹਾਰ,ਤਰਸੇਮ ਕੌੜਾ,ਰਾਮ ਬਰਾੜ,ਦਰਸ਼ਨ ਧਾਲੀਵਾਲ ਤੇ ਮੰਜੂ ਅਗਰਵਾਲ ਦੀਆਂ ਨਿਰਸਵਾਰਥ ਸੇਵਾਵਾਂ ਦੀ ਉਚੇਚੇ ਤੌਰ ਤੇ ਪ੍ਰਸ਼ੰਸਾ ਕੀਤੀ ਗਈ ।ਲਲਿਤਾ ਸਿੰਘ ਨੇ ਸੀਨੀਅਰਜ ਨੂੰ ਦਰਪੇਸ਼ ਸਰੀਰਕ, ਮਾਨਸਿਕ ਅਤੇ ਆਰਥਿਕ ਮਸਲਿਆਂ ਤੇ ਆਪਣੇ ਵਿਚਾਰ ਰੱਖੇ।ਸੁਰਿੰਦਰ ਕਾਲੀਆ ਨੇ ਇੱਕ ਹਿੰਦੀ ਦਾ ਕਲਾਸਿਕ ਗੀਤ ਗਾਇਆ ਜੋ ਸਭ ਨੇ ਪਸੰਦ ਕੀਤਾ ਅਤੇ ਪਰਬੇਸ਼ ਪਰਹਾਰ ਦੇ ਚੁਟਕਲੇ ਵੀ ਹਾਸੇ ਬਖੇਰਦੇ ਰਹੇ।ਅਖੀਰ ਵਿੱਚ ਗਰਮ ਗਰਮ ਚਾਹ ਤੇ ਬੇਸਣ ਦੀ ਬਰਫ਼ੀ ਪਰੋਸਕੇ ਅੱਜ ਦੀ ਮਿਲਣੀ ਦੀ ਸਮਾਪਤੀ ਕੀਤੀ ਗਈ।







# "ਹਾਸਿਆ ਦਾ ਸਰਦਾਰ ਤੁਰ ਗਿਆ"– ਜਸਵਿੰਦਰ ਭੱਲਾ ਨਮਿੱਤ ਸ਼ਰਧਾਂਜਲੀ ਸਮਾਰੋਹ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਅਗੰਮ ਐਂਟਰਟੇਨਮੈਂਟ ਕੈਨੇਡਾ, ਪੰਜਾਬੀ ਕਲਾਕਾਰ ਮੰਚ ਲੁਧਿਆਣਾ ਅਤੇ ਕੈਲਗਰੀ ਲੇਖਕ ਸਭਾ,ਕੈਲਗਰੀ ਦੇ ਮੈਂਬਰ ਆਪਣੇ ਵਿਛੜੇ ਮਹਿਬੂਬ ਕਲਾਕਾਰ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦੇਣ ਲਈ ਕੋਸੋ ਹਾਲ ਕੈਲਗਰੀ ਵਿਖੇ ਇਕੱਠੇ ਹੋਏ। ਸਭ ਤੋਂ ਪਹਿਲਾਂ ਸਾਰਿਆਂ ਨੇ 2 ਮਿੰਟ ਲਈ ਖੜ੍ਹੇ ਹੋ ਕੇ ਅਰਦਾਸ ਕੀਤੀ। ਸੁਖਮੰਦਰ ਗਿੱਲ ਨੇ ਕਵਿਤਾ "ਹਾਸਿਆ ਦਾ ਸਰਦਾਰ ਤੁਰ ਗਿਆ" ਸੁਣਾਈ। ਹਰਮਿੰਦਰ ਪਾਲ ਸਿੰਘ ਨੇ ਤਰੰਨਮ ਵਿੱਚ ਗੀਤ "ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ" ਸੁਣਾਇਆ। ਡਾ: ਜੋਗਾ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦਿੱਤੀ। ਪੰਜਾਬੀ ਕਲਾਕਾਰ ਮੰਚ ,ਲੁਧਿਆਣਾ ਤੋਂ ਲੋਕ ਗਾਇਕ ਜਸਵੰਤ ਸੰਦੀਲਾ ,ਅਤੇ ਅਜੇ ਦਿਓਲ ਨੇ ਜਸਵਿੰਦਰ ਭੱਲਾ ਨੂੰ ਇੱਕ ਵਧੀਆ, ਮਿਲਾਪੜੇ ਸੁਭਾਅ ਵਾਲਾ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਇਨਸਾਨ ਦੱਸਿਆ । ਅਗਮ ਐਂਟਰਟੇਨਮੈਂਟਸ ਕੈਨੇਡਾ ਤੋਂ ਵਿਵੇਕ ਮਹਾਜਨ ਨੇ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਵਿਛੜੇ ਕਲਾਕਾਰ ਨੂੰ ਸਤਿਕਾਰ ਭੇਂਟ ਕੀਤਾ। ਹੋਰ ਬੁਲਾਰਿਆਂ ਵਿੱਚ ਜੱਸੀ ਨਈਅਰ, ਕਰਮਪਾਲ ਸਿੰਘ ,ਦਲਬੀਰ ਜਲੋਵਾਲੀਆ ,ਸੁਮਨ ਦੱਤਾ ,ਮਨਜੋਤ ਗਿੱਲ , ਗੁਰਜਾਨ , ਜਸਵੰਤ ਰਾਏ ਸ਼ਰਮਾ, ਨਵਦੀਪ ਕਲੇਰ ਅਤੇ ਤ੍ਰਿਲੋਕ ਚੁੱਘ ਨੇ ਆਪੋ ਆਪਣੇ ਅੰਦਾਜ ਵਿੱਚ ਸ਼ਬਦਾਂ ਦੀ ਘਾਟ ਦਾ ਜਿਕਰ ਕਰਦਿਆਂ ਹੋਇਆਂ ਆਖਿਆ ਕਿ ਅਜਿਹੇ ਸਖਸ਼ ਕਦੇ ਕਦੇ ਹੀ ਦੁਨੀਆਂ ਤੇ ਆਉਂਦੇ ਹਨ। ਅੱਜ ਕੱਲ੍ਹ ਦੀ ਭੱਜ ਦੌੜ ਦੀ, ਰੁਝੇਵਿਆਂ ਅਤੇ ਪ੍ਰੇਸ਼ਾਨੀਆਂ ਵਾਲੀ ਜ਼ਿੰਦਗੀ ਵਿੱਚ ਹੋਰਾਂ ਨੂੰ ਹਸਾਉਣ ਵਾਲਾ ਸੱਚਮੁੱਚ ਹੀ ਮਹਾਨ ਹੁੰਦਾ ਹੈ। ਬੁਲਾਰਿਆਂ ਨੇ ਕਿਹਾ ਕਿ ਭੱਲਾ ਸਾਹਿਬ ਸਦੀਆਂ ਤੱਕ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਰਹਿਣਗੇ । ਰਣਵੀਰ ਸੰਧੂ ਨੇ ਸਟੇਜ ਤੋਂ ਬੋਲਦਿਆ ਕਿਹਾ ਕੀ ਵਿਛੜ ਚੁੱਕੇ ਕਲਾਕਾਰਾਂ ਨੂੰ ਸਮਰਪਿਤ ਜਲਦੀ ਹੀ ਇੱਕ ਸਮਾਗਮ ਕਰਵਾਇਆ ਜਾਏਗਾ। ਇਸ ਸਮੇਂ ਸੁਰਿੰਦਰ ਸਿੰਘ ਢਿੱਲੋਂ ਅਤੇ ਉਸਦੇ ਕਲਾਕਾਰ ਬੇਟੇ, ਜਸਵੰਤ ਸਿੰਘ ਸੇਖੋਂ, ਜਗਦੇਵ ਸਿੱਧੂ,ਇੰਜੀ: ਜੀਰ ਸਿੰਘ ਬਰਾੜ, ਜਸਵਿੰਦਰ ਸਿੰਘ ਰੁਪਾਲ ,ਮੰਗਲ ਚੱਠਾ ਅਤੇ ਕੈਲਗਰੀ ਦੇ ਹੋਰ ਪਤਵੰਤੇ ਸੱਜਣ ਸਾਮਿਲ ਹੋਏ। ਅਖੀਰ ਤੇ ਜਸਵੀਰ ਸਿੰਘ ਸਿਹੋਤਾ, ਪ੍ਰਧਾਨ ਕੈਲਗਰੀ ਲੇਖਕ ਸਭਾ ਨੇ ਸਭਾ ਵੱਲੋਂ ਇੱਕ ਸ਼ੋਕ ਮਤਾ ਪੜ੍ਹਿਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਸੇਵਾ ਮਨਜੀਤ ਰੂਪੋਵਾਲੀਆ ਨੇ ਬਾਖੂਬੀ ਨਿਭਾਈ ।

# ਮਲਟੀਕਲਚਰਲ ਸੀਨੀਅਰ ਸੁਸਾਇਟੀ ਨੇ ਭਾਰਤ ਦਾ ਆਜ਼ਾਦੀ ਦਿਵਸ ਮਨਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਆਜ਼ਾਦੀ ਦਿਵਸ ਦੇ ਸੰਬੰਧ ਵਿੱਚ ਮਲਟੀਕਲਚਰਲ ਸੀਨੀਅਰ ਸੁਸਾਇਟੀ ਆਫ਼ ਅਲਬਰਟਾ ਦੇ ਮੈਂਬਰਾਂ ਨੇ ਆਪਣੇ ਦਫ਼ਤਰ ਵਿੱਚ ਇੱਕ ਇਕੱਤਰਤਾ ਕੀਤੀ ।ਮੀਟਿੰਗ ਦੀ ਪ੍ਰਧਾਨਗੀ ਜੁਗਿੰਦਰ ਸਿੰਘ ਜੌੜਾ ਨੇ ਕੀਤੀ ਤੇ ਸਟੇਜ ਦਾ ਸੰਚਾਲਨ ਮੇਜਰ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ ।ਮੀਟਿੰਗ ਦੀ ਸ਼ੁਰੂਆਤ ਕਰਦਿਆਂ ਮੇਜਰ ਸਿੰਘ ਧਾਲੀਵਾਲ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸ਼ਹੀਦ ਹੋਏ ਭਾਰਤੀਆਂ ਦੀਆਂ ਕੁਰਬਾਨੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਗੁਰਬਚਨ ਸਿੰਘ ਬਰਾੜ ਨੇ ਦੇਸ਼ ਦੀ ਵੰਡ ਸਮੇਂ ਦੇ ਹਾਲਾਤ ਤੇ ਖ਼ੂਨ ਖਰਾਬੇ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਉਸ ਸਮੇਂ ਦੀ ਸਿਆਸੀ ਲਾਲਸਾ ਦੇ ਕਾਰਣ ਪੰਜਾਬ ਅਤੇ ਬੰਗਾਲ ਦੇ ਟੋਟੇ ਹੋਏ । ਧਰਮ ਸਿੰਘ ਚੜਿੱਕ ਨੇ ਵੀ ਭਾਰਤ ਦੇ ਨਾਲ ਨਾਲ ਹੋਰ ਕਈ ਦੇਸ਼ਾਂ ਦੀ ਆਜ਼ਾਦੀ ਸੰਘਰਸ਼ ਦਾ ਜ਼ਿਕਰ ਕੀਤਾ । ਗੁਰਬਖਸ਼ ਸਿੰਘ ਜੱਸਲ ਨੇ ਇੱਕ ਕਵਿਤਾ ਪੇਸ਼ ਕੀਤੀ । ਬਚਿੱਤਰ ਸਿੰਘ ਗਿੱਲ ਨੇ ਆਜ਼ਾਦੀ ਦੇ ਇਤਿਹਾਸ ਅਤੇ ਸ਼ਹੀਦਾਂ ਬਾਰੇ ਰਾਮੂਵਾਲੀਆ ਜੀ ਦੀ ਲਿਖੀ ਕਵੀਸ਼ਰੀ ਆਪਣੇ ਖਾਸ ਰੰਗ ਵਿੱਚ ਪੇਸ਼ ਕੀਤੀ । ਬਿੱਕਰ ਸਿੰਘ ਸੰਧੂ ਨੇ ਸਾਰਿਆਂ ਨੂੰ ਵਧਾਈ ਦੇਣ ਤੋਂ ਇਲਾਵਾ ਕੈਨੇਡਾ ਵਿੱਚ ਵੀ ਆਪਣੀਆਂ ਮੁਸ਼ਕਲਾਂ ਦੇ ਨਿਵਾਰਨ ਲਈ ਸਰਕਾਰ ਵੱਲੋਂ ਧਿਆਨ ਦੇਣ ਦੀ ਗੱਲ ਆਪਣੇ ਚੁਣੇ ਹੋਏ ਨੁਮਾਇੰਦਿਆਂ ਤੱਕ ਪਹੁੰਚਾਉਣ ਦਾ ਯਤਨ ਕਰਨ ਲਈ ਕਿਹਾ ।ਮੀਟਿੰਗ ਦੇ ਅਖੀਰ ਵਿੱਚ ਸੋਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਜੌੜਾ ਨੇ ਸਭ ਦਾ ਧੰਨਵਾਦ ਕੀਤਾ ।ਸਾਰੇ ਹਾਜ਼ਰ ਮੈਂਬਰਾਂ ਨੇ ਚਾਹ ਤੇ ਸਨੈਕਸ ਦਾ ਅਨੰਦ ਮਾਣਿਆ ।

# 15ਵਾਂ ਕੈਲਗਰੀ ਕਬੱਡੀ ਕੱਪ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਬੀਤੀ 30 ਅਗਸਤ 2025 ਵਾਲੇ ਦਿਨ ਕੈਲਗਰੀ ਦੇ ਹੋਪ ਬੈਲ ਪੈਲਸ 27 ਸਟਰੀਟ ਦੀਆਂ ਗਰਾਊਂਡਾਂ ਵਿਖੇ 15ਵਾਂ ਕਬੱਡੀ ਕੱਪ ਅੰਬੀ ਐਂਡ ਬਿੰਦਾ ਸਪੋਰਟਸ ਕਲੱਬ ,ਮਾਰਟਨ ਵੈਲੀ ਸਪੋਰਟਸ ਕਲੱਬ ,ਸਾਂਝਾ ਪੰਜਾਬ ਕਬੱਡੀ ਕਲੱਬ ,ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਕੈਨੇਡਾ ਦੀ ਅਗਵਾਈ ਹੇਠ ਕਰਵਾਇਆ ਗਿਆ । ਇਸ ਇੱਕ ਦਿਨਾਂ ਕਬੱਡੀ ਦੇ ਮਹਾਕੁੰਭ ਵਿੱਚ ਕਬੱਡੀ ਦੀਆਂ ਟੌਪ ਦੀਆਂ ਛੇ ਟੀਮਾਂ ਨੇ ਹਿੱਸਾ ਲਿਆ ਜਿਨਾਂ ਵਿੱਚ ਯੂਥ ਕਬੱਡੀ ਕਲੱਬ, ਯੰਗ ਕਬੱਡੀ ਕਲੱਬ, ਰੋਇਲ ਕਿੰਗ ਯੂਐਸਏ ,ਇੰਟਰਨੈਸ਼ਨਲ ਕਬੱਡੀ ਕਲੱਬ ,ਐਬੀ ਸਪੋਰਟਸ ਕਲੱਬ ,ਨਾਰਥ ਅਮਰੀਕਾ ਕਬੱਡੀ ਕਲੱਬ ਦੇ ਨਾਮ ਵਰਨਣ ਯੋਗ ਹਨ। ਇਹ ਇੱਕ ਦਿਨਾ ਕਬੱਡੀ ਕੱਪ ਯੂਥ ਕਬੱਡੀ ਕਲੱਬ ਦੇ ਹਿੱਸੇ ਆਇਆ ਜਦੋਂ ਕਿ ਰਨਰ ਅਪ ਯੰਗ ਸਪੋਰਟਸ ਕਬੱਡੀ ਕਲੱਬ ਰਿਹਾ। ਵੈਸਟ ਰੇਡਰ ਦਾ ਖਿਤਾਬ ਪਾਕਿਸਤਾਨੀ ਟੀਮ ਦੇ ਮੀਆਂ ਆਸਿਮ ਪਿੰਡ ਕਰਤਲ ਵਾਲੇ (ਆਸੂ) ਨੂੰ ਮਿਲਿਆ ਜਦੋਂ ਕਿ ਬੈਸਟ ਸਟੌਪਰ ਸ਼ੀਰਾ ਧੂੜਕੋਟ ਰਿਹਾ। ਰੱਸਾਕਸੀ ਦੇ ਮੈਚਾਂ ਦੀ ਹੱਲਾ ਹੋ ਨੇ ਦਰਸਕਾਂ ਨੂੰ ਗਰਾਊਂਡ ਨਾਲ ਜੋੜਕੇ ਰੱਖਿਆ। ਕੁਮੈਂਟਰੀ ਵਾਲੇ ਵੀਰਾਂ ਸੁਖ ਗੋਲੇਵਾਲੀਆ,ਬੱਬੂ ਖੰਨਾ,ਲੱਕੀ ਕੁਰਾਲੀ,ਜਤਿੰਦਰ ਸਹੇੜੀ ਅਤੇ ਬਿੱਲਾ ਦੇ ਨਾਂ ਵੀ ਰੌਚਿਕਤਾ ਬਣਾਈ ਰੱਖਣ ਲਈ ਜਾਣੇ ਗਏ। ਕੈਲਗਰੀ ਗੁਰਦਵਾਰਾ ਦਸਮੇਸ਼ ਕਲਚਰਲ ਸੈਂਟਰ ਵਲੋਂ ਸਾਰਾ ਦਿਨ ਲੰਗਲ ਦੀ ਸੇਵਾ ਜਾਰੀ ਰਹੀ। ਗੁਰੂ ਨਾਨਕ ਫਰੀ ਕਿਚਨ ਵਾਲੇ ਸੰਦੀਪ ਸੰਧੂ ਹੋਰਾਂ ਦੇ ਉਪਰਾਲੇ ਸਦਕਾ ਠੰਡੇ ਜਲ ਅਤੇ ਆਈਸ ਕਰੀਮ ਬਗੈਰਾ ਦਾ ਗਰਾਉਂਡ ਵਿੱਚ ਪੁੱਜੇ ਭਾਈਚਾਰੇ ਦੇ ਲੋਕਾਂ ਨੇ ਖੂਬ ਆਨੰਦ ਮਾਣਿਆ। ਕਬੱਡੀ ਦੇ ਮੈਚਾਂ ਦੀ ਸਮਾਪਤੀ ਉਪਰੰਤ ਪੰਜਾਬੀ ਦੇ ਨਾਮਵਰ ਕਲਾਕਾਰਾਂ ਵੱਲੋਂ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਕੈਲਗਰੀ ਦੇ ਮੈਂਬਰ ਪਾਰਲੀਮੈਂਟ ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਗਿੱਲ ਤੋਂ ਇਲਾਵਾ ਵਾਰਡ 5 ਤੋਂ ਕੌਂਸਲ ਰਾਜ ਧਾਲੀਵਾਲ ਹੋਰੀ ਵੀ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਪੁੱਜੇ ਹੋਏ ਸਨ। ਕੈਲਗਰੀ ਦੀਆਂ ਸਾਰੀਆਂ ਕਲੱਬਾਂ ਅਤੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਦੇ ਜੁਗਰਾਜ ਬਰਾੜ ਮਾਹਲਾ, ਕੁਲਦੀਪ ਸੰਧੂ,ਸਨੀ ਪੂਨੀਆਂ, ਖੁਰਸ਼ੀਦ ਆਲਮ ਸੰਧੂ,ਜੰਗ ਬਹਾਦਰ ਸਿੱਧੂ, ਨਿਸ਼ਾਨ ਭਮੀਪੁਰੀਆ ਤੇ ਜਸਜੀਤ ਸਿੰਘ ਪਰਵੇਜ ਨਗਰ, ਇਰਫਾਨ ਵੜੈਚ,ਗੁਰਪ੍ਰੀਤ ਸੰਧੂ,ਨਵਪ੍ਰੀਤ ਗਿੱਲ ਜੈਲਦਾਰ,ਜਸ ਮਾਂਗਟ,ਜੱਸਾ ਕਾਲੇਕੇ,ਦਵਿੰਦਰ ਗਿੱਲ ਹੋਰੀ ਵਧਾਈ ਦੇ ਪਾਤਰ ਹਨ।












# ਪਾਉ-ਵਾਉ ਨਾਚਾਂ ਦੀ ਲੜੀ ਦਾ ਆਖਰੀ ਪ੍ਰਦਰਸ਼ਨ ਯਾਦਗਾਰੀ ਹੋ ਨਿਬੜਿਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 27 ਅਗਸਤ 2025 ਨੂੰ ਕਰੋਅਫੁੱਟ ਪਬਲਿਕ ਲਾਇਬਰੇਰੀ ਵਿਖੇ ਇਸ ਰੁੱਤ ਦੀ ਆਖਰੀ ਪਾਉ-ਵਾਉ ਪ੍ਰਦਰਸ਼ਨੀ ਆਯੋਜਿਤ ਕੀਤੀ ਗਈ। ਦੱਸਣਯੋਗ ਹੈ ਕਿ ਹਰ ਸਾਲ ਗਰਮੀ ਦੀ ਰੁੱਤ ਵਿੱਚ ਕੈਲਗਰੀ ਦੀਆਂ ਚੋਣਵੀਆਂ ਪਬਲਿਕ ਲਾਇਬਰੇਰੀਆਂ ਵਿਖੇ ਪਾਉ-ਵਾਉ ਦੇ ਨੁਮਾਇਸ਼ੀ ਪ੍ਰਦਰਸ਼ਨ ਕੀਤੇ ਜਾਂਦੇ ਹਨ ਤਾਂ ਕਿ ਆਮ ਗੈਰ-ਨੇਟਿਵ ਕੈਨੇਡੀਅਨਾਂ ਨੂੰ ਇਸ ਧਰਤੀ ਦੇ ਅਸਲੀ ਮਾਲਕ ਲੋਕਾਂ ਦੇ ਉੱਚੇ-ਸੁੱਚੇ ਸਭਿਆਚਾਰ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਸਾਲ 25 ਜੂਨ ਨੂੰ ਸੈਡਲਟਾਊਨ ਪਬਲਿਕ ਲਾਇਬਰੇਰੀ ਵਿਖੇ ਇਸ ਲੜੀ ਦਾ ਪਹਿਲਾ ਪ੍ਰੋਗਰਾਮ ਸਿਕਸਿਕਾ ਪਾਉ-ਵਾਉ ਦੇ ਪ੍ਰਦਰਸ਼ਨ ਨਾਲ ਕੀਤਾ ਗਿਆ। ਉਸ ਤੋਂ ਮਗਰੋਂ ਸੇਟਨ ਲਾਇਬਰੇਰੀ ਵਿਖੇ ਕਾਇਨਾਇ ਦਾ, ਜਿਉਫਰੇ ਲਾਇਬਰੇਰੀ ਵਿਖੇ ਸੂ-ਤੀਨਾ ਦਾ, ਸਾਊਥਵੁੱਡ ਲਾਇਬਰੇਰੀ ਵਿਖੇ ਪੀਕਾਨੀ ਦਾ ਅਤੇ 27 ਅਗਸਤ ਨੂੰ ਕਰੋਅਫੁੱਟ ਲਾਇਬਰੇਰੀ ਵਿਖੇ ਇੱਥਕਾ ਸਟੋਨੀ ਨਕੋਡਾ ਕਬੀਲਿਆਂ ਦੇ ਪਾਉ-ਵਾਉ ਦਾ ਪ੍ਰਦਰਸ਼ਨ ਕੀਤਾ ਗਿਆ। ਪਾਉ-ਵਾਉ ਦੀ ਕੋਆਰਡੀਨੇਟਰ ਆਟਮ ਈਗਲ ਸਪੀਕਰ (ਕਾਇਨਾਇ- ਬਲੱਡ ਕਬੀਲਾ) ਸ਼ੁਰੂ ਵਿੱਚ ਜ਼ਰੂਰੀ ਜਾਣਕਾਰੀ ਦਿੰਦੀ ਹੈ ਕਿ ਪਾਉ-ਵਾਉ ਮੂਲਨਿਵਾਸੀ ਲੋਕਾਂ ਦਾ ਸਾਲਾਨਾ ਤਿਉਹਾਰ (ਮੇਲਾ) ਹੈ ਜੋ ਸਾਰੇ ਕਬੀਲੇ ਆਪੋ ਆਪਣੇ ਢੰਗ ਨਾਲ਼ ਮਨਾਉਂਦੇ ਹਨ। ਇਹ ਉਤਸਵ ਰਿਜ਼ਰਵਾਂ ਵਿੱਚ ਕਈ ਦਿਨ ਤੱਕ ਚਲਦਾ ਹੈ ਜਿਸ ਦੌਰਾਨ ਰਵਾਇਤੀ ਨਾਚ, ਗਾਣੇ, ਖੇਡਾਂ, ਕਈ ਤਰ੍ਹਾਂ ਦੇ ਕਰਤਬ ਅਤੇ ਡਰੱਮਿੰਗ (ਢੋਲ ਜਾਂ ਡਫਲੀ ਵਜਾਉਣ) ਦੇ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਸ ਮੰਤਵ ਲਈ ਅੱਡੋ ਅੱਡ ਉਮਰ ਦੇ ਵਰਗ ਬਣਾਏ ਜਾਂਦੇ ਹਨ। ਇਹ ਲੋਕ ਇਨ੍ਹਾਂ ਤਿਉਹਾਰਾਂ ਨੂੰ ਕੁਦਰਤ ਅਤੇ ਸਿਰਜਕ (ਕਰੀਏਟਰ, ਮਹਾਨ ਰੂਹ ਜਾਂ ਮੈਨੀਟਾਉ) ਦੀ ਅਰਾਧਨਾ, ਤੰਦਰੁਸਤੀ ਅਤੇ ਸੁੱਖ-ਸ਼ਾਂਤੀ ਦੀ ਭਾਵਨਾ ਨਾਲ਼ ਜੋੜਦੇ ਹਨ। ਇਹ ਨਾਚ ਰਵਾਇਤੀ ਸੁੰਦਰ ਪੁਸ਼ਾਕਾਂ ਪਹਿਨ ਕੇ ਖੁੱਲ੍ਹੇ ਮੈਦਾਨ ਵਿੱਚ ਪਾਏ ਜਾਂਦੇ ਹਨ।ਆਟਮ ਦੀ ਦਿਸ਼ਾ-ਨਿਰਦੇਸ਼ਨਾ ਹੇਠ ਕਰੋਅਫੁੱਟ ਲਾਇਬਰੇਰੀ ਵਿਖੇ ਹੋਏ ਪ੍ਰਦਰਸ਼ਨ ਸਮੇਂ ਪਹਿਲਾਂ ਸਾਰੇ ਨਚਾਰ, ਨਾਚੀਆਂ ਰਵਾਇਤੀ ਪੁਸ਼ਾਕਾਂ ਪਾਈ ਡਰੱਮ ਦੀ ਤਾਲ ਤੇ ਨਾਚ ਕਰਦੇ ਹੋਏ ਕਤਾਰ ਦੀ ਸ਼ਕਲ ਵਿੱਚ ਪਿੜ ਅੰਦਰ ਦਾਖਲ ਹੋਏ ਜੋ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਉਸ ਮਗਰੋਂ ਔਰਤਾਂ ਦੇ ਰਵਾਇਤੀ ਨਾਚ ਦੀ ਕੈਟਾਗਰੀ ਵਿੱਚ ਸਾਮੰਥਾ ਅਤੇ ਜੀਉਨਾ ਨੇ ਪੈਰ-ਚਾਲ, ਬਾਹਾਂ ਅਤੇ ਲੱਕ ਦੇ ਹਿਲੋਰਿਆਂ ਨਾਲ਼ ਕਮਾਲ ਦੇ ਜੌਹਰ ਵਿਖਾਏ। ਜਿੰਗਲ ਡਾਂਨਸ ਘੁੰਗਰੂਆਂ-ਜੜੇ ਲਿਬਾਸ ਨਾਲ਼ ਕੀਤਾ ਜਾਣ ਵਾਲ਼ਾ ਨਾਚ ਹੈ, ਇਹ ਨਾਚ ਹੈਰਲੀਨਾ ਨੇ ਪੇਸ਼ ਕਰ ਕੇ ਦਰਸ਼ਕਾਂ ਨੂੰ ਅਚੰਭਿਤ ਕਰ ਦਿੱਤਾ। ਫੈਂਸੀ ਡਾਂਨਸ ਮਾਡਰਨ ਆਕਰਸ਼ਕ ਲਿਬਾਸ ਪਾ ਕੇ ਸ਼ਾਇਲੀਨਾ ਨੇ ਪੇਸ਼ ਕੀਤਾ। ਗਰਾਸ ਡਾਂਨਸ ਹਾਰਡਨ ਨੇ ਪੂਰੀਆਂ ਅਦਾਵਾਂ ਨਾਲ਼ ਪੇਸ਼ ਕੀਤਾ। ਡਰੱਮ ਵਜਾਉਣ ਵਾਲ਼ੀ ਟੀਮ ਸਟੋਨੀ ਰਿਵਰ ਤੋਂ ਡਰੱਮ ਐਂਡ ਰੌਕ ਬੈਂਡ ਦੀ ਸੀ ਜਿਸਦੇ ਮਾਹਿਰ ਢੋਲੀ ਹੈਰਮ, ਰੈਗਿਸ ਕੁੱਕ (ਨਿਊਯਾਰਕ- ਮੋਹਾਅਕ), ਸ਼ਾਈਲਜ਼ ਅਤੇ ਹਾਰਡੀ ਸਨ। ਉਹ ਢੋਲ ਵਜਾਉਂਦੇ ਤੇ ਗਾਉਂਦੇ ਸਨ। ਨਾਚ ਉਨ੍ਹਾਂ ਦੀ ਤਾਲ ਅਤੇ ਆਵਾਜ਼ ਨਾਲ ਮੇਲ ਖਾਂਦੇ ਸਨ। ਅਖੀਰ ਵਿੱਚ ਰਿਵਾਜ ਅਨੁਸਾਰ ਆਟਮ ਨੇ ਦਰਸ਼ਕਾਂ ਨੂੰ ਘੇਰਾ-ਨਾਚ ਵਿੱਚ ਸ਼ਾਮਲ ਕਰ ਲਿਆ ਜਿੰਨ੍ਹਾਂ ਨੇ ਨਚਾਰਾਂ ਨਾਲ਼ ਮਿਲ ਕੇ ਇਕ ਦੂਜੇ ਦੇ ਹੱਥ ਫੜ ਕੇ ਘੇਰੇ ਦੀ ਸ਼ਕਲ ਵਿੱਚ ਨਚਦੇ ਹੋਏ ਤੇ ਕਲਾਕ-ਵਾਈਜ਼ ਚਲਦੇ ਹੋਏ ਇਸ ਅਦੁਤੀ ਨਾਚ ਦਾ ਭਰਪੂਰ ਅਨੰਦ ਮਾਣਿਆਂ। ਤਕਰੀਬਨ ਸਾਰੇ ਗੋਰੇ ਦਰਸ਼ਕਾਂ (ਬੱਚੇ, ਮੁਟਿਆਰਾਂ, ਗੱਭਰੂ, ਬਜ਼ੁਰਗ) ਦੀ ਭਰਵੀਂ ਹਾਜ਼ਰੀ, ਆਟਮ ਦੀ ਕਮਾਲ ਦੀ ਨਿਰਦੇਸ਼ਨਾ ਅਤੇ ਕਲਾਕਾਰਾਂ ਦੀ ਅਦਭੁਤ ਪੇਸ਼ਕਾਰੀ ਨੇ ਇਸ ਪ੍ਰੋਗਰਾਮ ਨੂੰ ਯਾਦਗਾਰੀ ਬਣਾ ਦਿੱਤਾ।ਮੂਲਨਿਵਾਸੀਆਂ ਨਾਲ ਲਗਾਤਾਰ ਤਾਲਮੇਲ ਰੱਖਣ ਵਾਲ਼ੇ ਅਤੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ ਸ਼ਾਮਲ ਰਹੇ ਜਗਦੇਵ ਸਿੱਧੂ ਨੇ ਦੱਸਿਆ ਕਿ ਅਜਿਹੇ ਮੇਲ ਜੋਲ ਜਿੱਥੇ ਸਾਨੂੰ ਮੂਲਨਿਵਾਸੀਆਂ ਦੇ ਵਧੀਆ ਕਿਰਦਾਰ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ, ਉੱਥੇ ਕੈਨੇਡਾ ਦੀ ਵੰਨ-ਸੁਵੰਨੀ ਪਹਿਚਾਣ ਦਾ ਸਬੱਬ ਵੀ ਬਣਦੇ ਹਨ।

# ਰੀਤ ਮੁਸ਼ੀਆਨਾ ਦੇ ਚੋਣ ਪ੍ਰਚਾਰ ਬੋਰਡਾਂ ਨਾਲ ਛੇੜਛਾੜ ਉਪਰੰਤ ਮੁੱਛਾਂ ਦਿਖਾਈ ਦਿੱਤੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 20 ਅਕਤੂਬਰ ਨੂੰ ਹੋਣ ਵਾਲੀਆਂ ਕੈਲਗਰੀ ਕੌਂਸਿਲ ਦੀਆਂ ਚੋਣਾਂ ਲਈ ਵਾਰਡ 5 ਇੱਕ ਅਜਿਹਾ ਵਾਰਡ ਹੈ ਜਿੱਥੇ ਪੰਜਾਬੀ ਭਾਈਚਾਰੇ ਦੀ ਵਸੋਂ ਜਿਆਦਾ ਹੈ। ਸਾਇਦ ਇਹੀ ਕਾਰਣ ਹੈ ਕਿ ਪੂਰੇ ਸਹਿਰ ਵਿੱਚ ਹੋਰ ਕਿਧਰੇ ਚੋਣ ਮੁਹਿੰਮ ਦਾ ਕੋਈ ਨਿਸ਼ਾਨ ਸੜਕਾਂ ਉੱਪਰ ਦਿਖਾਈ ਵੀ ਨਹੀਂ ਦਿੰਦਾ ਪਰ ਵਾਰਡ ਪੰਜ ਵਿੱਚ ਚੋਣ ਬੋਰਡਾਂ ਨਾਲ ਛੇੜਛਾੜ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਵਾਰਡ 5 ਤੋਂ ਚੋਣ ਮੈਦਾਨ ਵਿੱਚ ਉਮੀਦਵਾਰ ਰੀਤ ਮੁਸ਼ੀਆਨਾ ਦੇ ਚੋਣ ਪ੍ਰਚਾਰ ਬੋਰਡਾਂ ਨਾਲ ਛੇੜਛਾੜ ਸਬੰਧੀ ਇੱਕ ਪ੍ਰੈਸਨੋਟ ਮੀਡੀਆ ਦੇ ਨਾਂ ਉਸਦੇ ਚੋਣ ਪ੍ਰਚਾਰ ਦਫਤਰ ਵੱਲੋਂ ਜਾਰੀ ਹੋਇਆ ਹੈ, ਜਿਸ ਅਨਸਾਰ ਕਿਸੇ ਸ਼ਰਾਰਤੀ ਨੇ ਉਹਨਾਂ ਦੀ ਫੋਟੋ ਨਾਲ ਛੇੜਛਾੜ ਕਰਦਿਆਂ ਉਸਦੇ ਚਿਹਰੇ ਉੱਪਰ ਦਾਹੜੀ-ਮੁੱਛਾਂ ਲਗਾ ਦਿੱਤੀਆਂ ਹਨ। ਜਿਸ ਕਿਸੇ ਨੇ ਵੀ ਇਹ ਕੋਝੀ ਹਰਕਤ ਕੀਤੀ ਹੈ ਇਹ ਘਟਨਾ ਔਰਤ ਵਰਗ ਜਾਂ ਰਾਜਨੀਤਕ ਨਫਰਤੀ ਵਰਤਾਰੇ ਦਾ ਹਿੱਸਾ ਹੈ । ਇਸ ਸਬੰਧੀ ਉਮੀਦਵਾਰ ਰੀਤ ਮੁਸ਼ੀਆਨਾਦਾ ਕਹਿਣਾ ਹੈ ਕਿ "ਜਦੋਂ ਮੈਂ ਸਿਟੀ ਕੌਂਸਲ ਲਈ ਚੋਣ ਲੜਨ ਲਈ ਆਪਣਾ ਨਾਮ ਅੱਗੇ ਰੱਖਿਆ, ਤਾਂ ਮੈਨੂੰ ਪੁੱਛਿਆ ਗਿਆ, 'ਤੁਸੀਂ ਕਿਉਂ? ਤੁਹਾਡਾ ਪਤੀ ਕਿਉਂ ਨਹੀਂ?' ਇਹ ਸਵਾਲ ਇੱਕ ਡੂੰਘੀ ਸੱਚਾਈ ਨੂੰ ਦਰਸਾਉਂਦਾ ਹੈ," ਮੁਸ਼ੀਆਨਾ ਨੇ ਕਿਹਾ ਕਿ "ਔਰਤਾਂ ਕੈਨੇਡਾ ਦੀ ਆਬਾਦੀ ਦਾ ਅੱਧਾ ਹਿੱਸਾ ਬਣਦੀਆਂ ਹਨ ਪਰ ਫਿਰ ਵੀ ਚੁਣੇ ਹੋਏ ਅਹੁਦਿਆਂ ਦਾ ਸਿਰਫ਼ ਇੱਕ ਤਿਹਾਈ ਹਿੱਸਾ ਹੀ ਰੱਖਦੀਆਂ ਹਨ"। ਇਸ ਤੋਂ ਪਹਿਲਾਂ ਵੀ ਚੋਣਾਂ ਦੇ ਦਿਨਾਂ ਦੌਰਾਨ ਅਜਿਹੀਆਂ ਘਟਨਾਵਾਂ ਅਕਸਰ ਹੀ ਵਾਪਰਦੀਆਂ ਹਨ ਕਿ ਬੋਰਡਾਂ ਉੱਪਰ ਸਪਰੇ ਮਾਰ ਦਿੱਤੀ ਜਾਂਦੀ ਹੈ ਪਰ ਇਹ ਘਟਨਾ ਵੱਖਰੀ ਜਾਪਦੀ ਹੈ ਕਿ ਬੋਰਡ ਨਾਲ ਛੇੜਛਾੜ ਕਰਨ ਵਾਲੇ ਸ਼ਰਾਰਤੀ ਅਨਸਰ ਨੇ ਵੱਖੋ ਵੱਖ ਰੰਗਾਂ ਦੀ ਵਰਤੋਂ ਕੀਤੀ ਹੈ ਜਿਸ ਤੋਂ ਮਹਿਸੂਸ ਹੁੰਦਾ ਹੈ ਕਿ ਜਿਸ ਕਿਸੇ ਨੇ ਵੀ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ ਉਹ ਉਸਨੇ ਸਮੇਂ ਦੀ ਕਾਹਲੀ ਨਾ ਕਰਦਿਆਂ ਬੇਖੌਫ ਹੋ ਕੇ ਦਿੱਤਾ ਹੈ। ਜਿਸ ਘਰ ਦੇ ਸਾਹਮਣੇ ਇਹ ਚੋਣ ਬੋਰਡ ਲੱਗਾ ਹੈ ਉਸਦੇ ਗੈਰਾਜ ਉੱਪਰ ਕੈਮਰਾ ਸੈਂਸਰ ਲਾਈਟ ਲੱਗੀ ਹੋਈ ਦਿਖਾਈ ਦਿੰਦੀ ਹੈ।ਆਮ ਤੌਰ 'ਤੇ ਸੈਂਸਰ ਲਾਈਟ ਜਗ ਜਾਣ ਉਪਰੰਤ ਚੋਰ ਬਿਰਤੀ ਵਾਲਾ ਵਿਅਕਤੀ ਅਕਸਰ ਦੌੜ ਜਾਂਦਾ ਹੈ ਪਰ ਇਸ ਘਟਨਾ ਵਿੱਚ ਜੇ ਲਾਈਟ ਜਗ ਪਈ ਹੋਈ ਤਾਂ ਉਸ ਨੇ ਕਿੰਨੀ ਬੇ ਖੌਫਗੀ ਨਾਲ ਇਸ ਘਟਨਾ ਨੂੰ ਅੰਜਾਮ ਦਿੱਤਾ ਹੋਵੇਗਾ ਇਸ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਚੋਣ ਲੜ ਰਹੇ ਉਮੀਦਵਾਰਾਂ ਨੂੰ ਆਪਣੇ ਬੋਰਡ ਸੀ ਸੀ ਟੀਵੀ ਕੈਮਰਿਆਂ ਦੀ ਮਾਰ ਹੇਠ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਇਸ ਘਟਨਾ ਵਿੱਚ ਵੀ ਸਾਰੇ ਹੀ ਉਮੀਦਵਾਰਾਂ ਨੂੰ ਆਪੋ ਆਪਣੀ ਕੋਸ਼ਿਸ਼ਿ ਕਰਕੇ ਨਿੱਜੀ ਤੌਰ 'ਤੇ ਆਂਢ-ਗੁਆਂਢ ਦੀ ਉਸ ਦਿਨ ਦੀ ਸੀ ਸੀ ਟੀਵੀ ਫੁੱਟਏਜ ਖੰਗਾਲਣੀ ਚਾਹੀਦੀ ਹੈ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਵਾਲਿਆਂ ਦੇ ਬਜ਼ੁਰਗ ਮੈਂਬਰਾਂ ਨੇ ਅਗਸਤ ਮਹੀਨੇ ਖੂਬ ਆਨੰਦ ਮਾਣਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਬੀਤੇ ਅਗਸਤ ਮਹੀਨੇ ਕੈਲਗਰੀ ਵਿਖੇ ਬਜ਼ੁਰਗਾਂ ਦੀ ਸੰਸਥਾ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਨੇ ਦੋ ਪ੍ਰੋਗਰਾਮ ਆਪਣੇ ਬਜ਼ੁਰਗ ਮੈਂਬਰਾਂ ਲਈ ਉਲੀਕੇ, ਜਿਨਾਂ ਵਿੱਚ ਦੋ ਅਗਸਤ ਵਾਲੇ ਦਿਨ ਆਪਣੀ ਸੰਸਥਾ ਦੇ ਮੈਂਬਰਾਂ ਦੇ ਜਨਮਦਿਨ ਕੇਕ ਕੱਟਕੇ ਮਨਾਏ ਗਏ। ਫਿਰ 10 ਅਗਸਤ ਨੂੰ ਪ੍ਰਧਾਨ ਸੈਮ ਸਹੋਤਾ ਦੀ ਅਗਵਾਈ ਹੇਠ ਪਿਕਨਿਕ ਮਨਾਉਣ ਦੇ ਲਈ ਦੋ ਬੱਸਾਂ ਦੀਆਂ ਸਵਾਰੀਆਂ ਕਰ ਬਜ਼ੁਰਗ ਮਰਦ ਔਰਤਾਂ ਸੈਲਵਨ ਲੇਕ ਪੁੱਜੇ। ਬੱਸਾਂ ਵਿੱਚ ਬੈਠੀਆਂ ਸਵਾਰੀਆਂ ਦੀ ਗਿਣਤੀ ਅਤੇ ਹੋਰ ਅੱਪਡੇਟ ਸ: ਗੁਰਮੇਲ ਸਿੰਘ ਸੰਧੂ ਕਰ ਰਹੇ ਸਨ। ਪਾਣੀ ਦੇ ਕਿਨਾਰੇ ਬਜ਼ੁਰਗ ਔਰਤ ਮੈਂਬਰਾਂ ਨੇ ਤੀਆਂ ਦਾ ਮਾਹੌਲ ਸਿਰਜਿਆ ਅਤੇ ਬਜ਼ੁਰਗ ਮਰਦ ਮੈਂਬਰ ਤਾਸ਼ ਖੇਡਣ ਵਿੱਚ ਮਸ਼ਰੂਫ ਰਹੇ। ਇਸ ਪਿਕਨਿਕ ਲਈ ਤਿਆਰ ਬਰ ਤਿਆਰ ਖਾਣਾ ਖਾਂਦਿਆ ਮੈਂਬਰਾਂ ਨੇ ਜਿੱਥੇ ਖਾਣੇ ਦਾ ਆਨੰਦ ਮਾਣਿਆ ਉਥੇ ਨਾਲੋ ਨਾਲ ਆਪਸੀ ਨੋਕ ਝੋਕ ਵੀ ਹਾਸੇ ਠੱਠੇ ਦੇ ਰੂਪ ਵਿੱਚ ਚਲਦੀ ਰਹੀ। ਯਾਦਗਾਰੀ ਫੋਟੋਆਂ ਕਰਵਾਈਆਂ ਗਈਆਂ ਅਤੇ ਫਿਰ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਘਰਾਂ ਨੂੰ ਵਾਪਸੀ ਕੀਤੀ ਗਈ।

# ਅਕਾਲੀ ਦਲ ਦੀ ਚੜ੍ਹਦੀ ਕਲ੍ਹਾ ਲਈ ਜ਼ਮੀਨੀ ਪੱਧਰ 'ਤੇ ਕੰਮ ਹੋ ਰਿਹਾ ਹੈ-ਝੱਬਰ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਇਹਨੀ ਦਿਨੀ ਕੈਨੇਡਾ ਫੇਰੀ ਉੱਪਰ ਹਨ । ਬੀਤੇ ਦਿਨੀ ਐਡਮਿੰਟਨ ਵਿਖੇ ਆਪਣੇ ਗੁਆਂਢੀ ਪਿੰਡ ਅਕਲੀਆ ਦੇ ਟਕਸਾਲੀ ਅਕਾਲੀ ਪਰਿਵਾਰ ਕੇਵਲ ਸਿੰਘ ਦੇ ਘਰ ਇੱਕ ਰਸਮੀ ਜਿਹੀ ਮਿਲਣੀ ਮੌਕੇ ਅਕਾਲੀ ਦਲ ਦੇ ਉੱਜਲ ਭਵਿੱਖ ਲਈ ਜੂਝ ਰਹੇ ਅਕਾਲੀ ਵਰਕਰ ਉਹਨਾਂ ਨੂੰ ਮਿਲਣ ਲਈ ਪੁੱਜੇ ਹੋਏ ਸਨ। ਇਸ ਮੌਕੇ ਗੁਰਪ੍ਰੀਤ ਸਿੰਘ ਝੱਬਰ ਨੇ ਅਕਾਲੀ ਦਲ ਦੇ ਵਰਕਰਾਂ ਨਾਲ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਪੰਥ ਦੀ ਚੜਦੀ ਕਲਾ ਲਈ ਦੀਆਂ ਗੱਲਾਂ ਬਾਤਾਂ ਕੀਤੀਆਂ।ਝੱਬਰ ਸਾਹਿਬ ਦਾ ਕਹਿਣਾ ਸੀ ਉਹਨਾਂ ਦਾ ਮਨ ਬਹੁਤ ਖੁਸ਼ ਹੋਇਆ ਕਿਉਂਕਿ ਬਾਹਰਲੇ ਮੁਲਕਾਂ ਵਿੱਚ ਪਾਰਟੀ ਸਬੰਧੀ ਮੈਨੂੰ ਅਕਸਰ ਹੀ ਵੇਖਣ ਨੂੰ ਮਿਲ ਰਿਹਾ ਹੈ ਕਿ ਕੈਨੇਡਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਚੜਦੀ ਕਲਾ ਲਈ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਆਪਣੇ ਪਰਮ ਮਿੱਤਰ ਕੇਵਲ ਸਿੰਘ ਅਕਲੀਆ,ਹੈਪੀ ਧਾਲੀਵਾਲ ਫੂਲੇਵਾਲਾ,ਪ੍ਰਿਤਪਾਲ ਸਿੰਘ ਸੇਖੋਂ, ਪਰਵੰਤ ਸਿੰਘ ਸੇਖੋਂ, ਸੈਡੀ ਸ਼ੋਕਰ, ਕੁਲਦੀਪ ਸਿੰਘ ਬਰਾੜ ਸਾਹੋਕੇ, ਤੇਜਿੰਦਰ ਸਿੰਘ ਬਰਾੜ ਫੱਤਣਵਾਲਾ, ਸੁਖਦੇਵ ਸਿੰਘ ਧਨੋਆ, ਹਰਪ੍ਰੀਤ ਗੋਲੇਵਾਲ, ਅਮਨਦੀਪ ਸਿੰਘ ਔਲਖ,ਸ਼ਗਨਦੀਪ ਸਿੰਘ ਅਤਲਾ,ਕਰਮਜੀਤ ਸਿੰਘ ਤਾਮਕੋਟ,ਗੁਰਪਿਆਰ ਸਿੰਘ ਤਾਮਕੋਟ,ਅਤੇ ਸਰਪੰਚ ਬਲਰਾਜ ਸਿੰਘ ਢੇਲਵਾਂ ਦਾ ਧੰਨਵਾਦ ਕੀਤਾ ਜੋ ਕਨੇਡਾ ਵਰਗੇ ਮੁਲਕ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਵੀ ਪਾਰਟੀ ਲਈ ਸਮਾਂ ਕੱਢਕੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰ ਰਹੇ ਹਨ।



# ਯੁੱਧ ਨਸ਼ਿਆਂ ਵਿਰੁੱਧ ਮਹਿੰਮ ਤੇ ਨਸ਼ਿਆਂ ਦੀ ਮੌਜੂਦਾ ਸਥਿਤੀ ਦਾ ਅਸਲੀ ਸੱਚ

**ਪੰਜਾਬ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਜਾਰੀ ਹੈ ਅਤੇ ਇਸਦੀ ਨਿਗਰਾਨੀ ਲਈ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਪੰਜ ਮੈਂਬਰੀ ਕਮੇਟੀ ਵੀ ਗਠਿਤ ਕੀਤੀ ਹੋਈ ਹੈ। ਹੁਣ ਸੁਆਲ ਉੱਠਦਾ ਹੈ ਕਿ ਰਾਜ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਲਈ ਪੰਜਾਬ ਸਰਕਾਰ ਤੇ ਪੁਲਿਸ ਕਿੰਨੀ ਕੁ ਸਫ਼ਲ ਹੈ ਅਤੇ ਨਿਗਰਾਨ ਕਮੇਟੀ ਦੀ ਭੂਮਿਕਾ ਕਿਹੋ ਜਿਹੀ ਹੈ ? ਇਸ ਦਾ ਜੁਆਬ ਦੇਣ ਲਈ ਬੀਤੇ ਦਿਨੀਂ ਬਠਿੰਡਾ ਸ਼ਹਿਰ ਤੋਂ ਪ੍ਰਾਪਤ ਹੋਈਆਂ ਦੋ ਤਸਵੀਰਾਂ ਹੀ ਕਾਫ਼ੀ ਹਨ।**



ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਨੇ ਤਬਾਹੀ ਦੇ ਕੰਢੇ ਤੇ ਪਹੁੰਚਾ ਦਿੱਤਾ ਹੈ। ਨੌਜਵਾਨ ਮੁੰਡੇ ਕੁੜੀਆਂ ਨਿੱਤ ਦਿਨ ਓਵਰਡੋਜ਼ ਨਾਲ ਮਰ ਰਹੇ ਹਨ। ਨੌਜਵਾਨਾਂ ਵਿੱਚ ਆਈ ਸਰੀਰਕ ਕਮਜੋਰੀ ਸਦਕਾ ਪਤੀ ਪਤਨੀ ਦੇ ਝਗੜੇ ਹੋ ਰਹੇ ਹਨ, ਤਲਾਕ ਹੋ ਰਹੇ ਹਨ। ਦਿਨ ਦਿਹਾੜੇ ਨਸ਼ੇ ਦੀ ਹਾਲਤ ਵਿੱਚ ਮੁੰਡੇ ਕੁੜੀਆਂ ਸੜਕਾਂ ਤੇ ਡਿੱਗੇ ਵਿਖਾਈ ਦਿੰਦੇ ਹਨ। ਇੱਕ ਸਮਾਂ ਸੀ ਜਦੋਂ ਧੀ ਦਾ ਰਿਸ਼ਤਾ ਕਰਨ ਲਈ ਮਾਪੇ ਮੁੰਡੇ ਵਾਲਿਆਂ ਦੇ ਖਾਨਦਾਨ ਜਾਂ ਜ਼ਮੀਨ ਆਦਿ ਦੀ ਪੜਤਾਲ ਕਰਦੇ ਸਨ, ਪਰ ਅੱਜ ਸਿਰਫ ਇਹ ਹੀ ਪੜਤਾਲ ਕਰਦੇ ਹਨ ਕਿ ਮੁੰਡਾ ਨਸ਼ਾ ਨਾ ਕਰਦਾ ਹੋਵੇ। ਹੁਣ ਤਾਂ ਨਸ਼ੇ ਦੀ ਵਰਤੋਂ ਕਰਨ ਵਿੱਚ ਨੌਜਵਾਨ ਕੁੜੀਆਂ ਵੀ ਪਿੱਛੇ ਨਹੀਂ ਹਨ, ਉਹ ਸੜਕਾਂ ਤੇ ਨਸ਼ੇ ਵਿੱਚ ਧੁੱਤ ਹੋਈਆਂ ਰੌਲਾ ਪਾਉਂਦੀਆਂ, ਝਗੜਾ ਕਰਦੀਆਂ ਜਾਂ ਡਿਗਦੀਆਂ ਆਮ ਵੇਖੀਆਂ ਜਾ ਰਹੀਆਂ ਹਨ। ਮਾਪੇ ਬਹੁਤ ਦੁਖੀ ਤੇ ਪਰੇਸਾਨ ਹਨ, ਔਲਾਦ ਨੂੰ ਨਸ਼ਿਆਂ ਤੋਂ ਬਚਾਉਣ ਲਈ ਦਿਨ ਰਾਤ ਫਿਕਰਾਂ ਵਿੱਚ ਡੁੱਬੇ ਰਹਿੰਦੇ ਹਨ, ਜੇ ਨਸ਼ਈ ਪੁੱਤ ਧੀ ਨੂੰ ਰੋਕਣ ਲਈ ਯਤਨ ਕਰਦੇ ਹਨ ਤਾਂ ਘਰ 'ਚ ਝਗੜਾ ਹੁੰਦਾ ਹੈ ਜੋ ਕਈ ਵਾਰ ਇਸ ਕਦਰ ਵਧ ਜਾਂਦਾ ਹੈ ਕਿ ਜਾਂ ਮਾਂ ਬਾਪ ਚੋਂ ਕੋਈ ਖੁਦਕਸ਼ੀ ਕਰ ਲੈਂਦਾ ਹੈ ਜਾਂ ਪੁੱਤ ਧੀ।

ਸਰਕਾਰਾਂ ਪੰਜਾਬ ਚੋਂ ਨਸ਼ੇ ਖਤਮ ਕਰਨ ਲਈ ਵੱਡੇ ਵੱਡੇ ਦਾਅਵੇ ਵਾਅਦੇ ਕਰਦੀਆਂ ਹਨ। ਇਹ ਨਸ਼ਿਆਂ ਦਾ ਰੁਝਾਨ ਸੂਬੇ ਦੀ ਸ੍ਰ: ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਸਰਕਾਰ ਸਮੇਂ ਹੀ ਵਧਣਾ ਸੁਰੂ ਹੋਇਆ ਸੀ। ਇਹ ਸਰਕਾਰ 2007 ਤੋਂ 2017 ਤੱਕ ਰਹੀ, ਉਸ ਸਮੇਂ ਵੀ ਸਰਕਾਰ ਨਸ਼ੇ ਰੋਕਣ ਦੇ ਦਾਅਵੇ ਕਰਦੀ ਰਹੀ ਸੀ। ਪਰ ਆਮ ਲੋਕ ਕਹਿੰਦੇ ਰਹੇ ਕਿ ਇਹ ਬਿਆਨ ਦਾਅਵੇ ਤਾਂ ਇੱਕ ਵਿਖਾਵਾ ਹੀ ਹਨ, ਸਰਕਾਰ ਦੀ ਸ਼ਹਿ ਤੇ ਹੀ ਨਸ਼ਿਆਂ ਦਾ ਕਾਰੋਬਾਰ ਵਧ ਫੁੱਲ ਰਿਹਾ ਹੈ। ਮੁੜ ਪੰਜਾਬ 2017 ਦੀਆਂ ਵਿਧਾਨ ਸਭਾ ਚੋਣਾਂ ਆਈਆਂ ਤਾਂ ਪੰਜਾਬ ਦੇ ਨੌਜਵਾਨਾਂ ਦੇ ਨਸ਼ਿਆਂ ਦੀ ਗ੍ਰਿਫਤ ਵਿੱਚ ਆ ਜਾਣ ਕਾਰਨ ਕਾਂਗਰਸ ਨੇ ਨਸ਼ਿਆਂ ਨੂੰ ਮੁੱਖ ਚੋਣ ਮੁੱਦਾ ਬਣਾਇਆ। ਕੈਪਟਨ ਅਮਰਿੰਦਰ ਸਿੰਘ ਨੇ ਹੱਥ ਵਿੱਚ ਗੁਟਕਾ ਸਾਹਿਬ ਫੜ ਕੇ ਨਸ਼ੇ ਖਤਮ ਕਰਨ ਦੀਆਂ ਸਹੁੰਆਂ ਖਾਧੀਆਂ, ਲੋਕਾਂ ਨੇ ਉਹਨਾਂ ਤੇ ਵਿਸਵਾਸ਼ ਕੀਤਾ। ਕਾਂਗਰਸ ਦੀ ਸਰਕਾਰ ਹੋਂਦ ਵਿੱਚ ਆ ਗਈ ਅਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣ ਗਏ। ਉਹਨਾਂ ਦੀ ਸਰਕਾਰ ਦੌਰਾਨ ਵੀ ਨਸ਼ਿਆਂ ਨੂੰ ਕੋਈ ਠੱਲ੍ਹ ਨਾ ਪਾਈ ਗਈ। ਕਿਸੇ ਵੱਡੇ ਨਸ਼ਾ ਤਸਕਰ ਨੂੰ ਹੱਥ ਨਾ ਪਾਇਆ ਗਿਆ, ਨਸ਼ਾ ਤਸਕਰਾਂ ਪੁਲਿਸ ਤੇ ਸਿਆਸਤਦਾਨਾਂ ਦੇ ਬਣੇ ਗੱਠਜੋੜ ਨੂੰ ਤੋੜਣ ਲਈ ਕੋਈ ਠੋਸ ਕਦਮ ਨਾ ਚੁੱਕਿਆ ਗਿਆ। ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਧੱਸਦੀ ਹੀ ਗਈ।

ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਦਾ ਸਮਾਂ ਆਇਆ ਤਾਂ ਪੰਜਾਬ ਦੇ ਲੋਕ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਸਰਕਾਰਾਂ ਤੋਂ ਇਸ ਗੱਲੋਂ ਨਿਰਾਸ਼ ਤੇ ਗੁੱਸੇ ਵਿੱਚ ਸਨ ਕਿ ਉਹਨਾਂ ਨਸ਼ਿਆਂ ਨੂੰ ਰੋਕਣ ਦੀ ਬਜਾਏ ਵਧਣ ਵਿੱਚ ਸਹਾਈ ਹੁੰਦੀਆਂ ਰਹੀਆਂ ਹਨ। ਗੁੱਸੇ ਵਿੱਚ ਆਏ ਲੋਕਾਂ ਨੂੰ ਆਮ ਆਦਮੀ ਪਾਰਟੀ ਤੋਂ ਕੁੱਝ ਆਸ ਦੀ ਕਿਰਨ ਵਿਖਾਈ ਦਿੱਤੀ ਅਤੇ ਲੋਕਾਂ ਨੇ ਇੱਕ ਤਰਫ਼ਾ ਹੋ ਕੇ ਇਸ ਪਾਰਟੀ ਨੂੰ ਵੋਟਾਂ ਪਾਈਆਂ ਅਤੇ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਇੱਕ ਮਜਬੂਤ ਸਰਕਾਰ ਹੋਂਦ ਵਿੱਚ ਆ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਿਆਂ ਨੂੰ ਰੋਕਣ ਲਈ ਆਪਣੇ ਕੀਤੇ ਵਾਅਦੇ ਅਨੁਸਾਰ ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਨੂੰ ਹਦਾਇਤਾਂ ਦਿੱਤੀਆਂ। ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਆਗਾਜ ਕੀਤਾ ਜੋ ਅਜੇ ਵੀ ਚੱਲ ਰਹੀ ਹੈ। ਇਸ ਮੁਹਿੰਮ ਦਾ ਵੱਡੀ ਪੱਧਰ ਤੇ ਪ੍ਰਚਾਰ ਪ੍ਰਸ਼ਾਰ ਕੀਤਾ ਗਿਆ, ਛੋਟੇ ਛੋਟੇ ਨਸ਼ਾ ਤਸਕਰਾਂ, ਜਿਹਨਾਂ ਨਸ਼ੇ ਵੇਚ ਕੇ ਇਮਾਰਤਾਂ ਬਣਾਈਆਂ ਸਨ ਉਹਨਾਂ ਬਿਲਡਿੰਗਾਂ ਤੇ ਜੇ ਸੀ ਬੀ ਮਸ਼ੀਨਾਂ ਵੀ ਚਲਾਈਆਂ। ਪਰ ਕਿਸੇ ਵੱਡੇ ਨਸ਼ਾ ਤਸਕਰ ਨੂੰ ਹੱਥ ਨਾ ਪਾਇਆ, ਪੁਲਿਸ ਦਾ ਸ਼ਿਕਾਰ ਨਸ਼ਾ ਸਪਲਾਈ ਕਰਨ ਵਾਲੇ ਛੋਟੇ ਛੋਟੇ ਤਸਕਰ ਜਾਂ ਨਸ਼ਾ ਕਰਨ ਵਾਲੇ ਹੀ ਹੋਏ। ਕੁੱਝ ਸਮਾਂ ਪਹਿਲਾਂ ਇੱਕ ਅਜਿਹੇ ਸਿਆਸਤਦਾਨ ਨੂੰ ਰਾਜ ਸਰਕਾਰ ਨੇ ਹੱਥ ਤਾਂ ਪਾਇਆ, ਜਿਸਨੂੰ ਪੰਜਾਬ ਦੇ ਲੋਕ ਸੂਬੇ ਵਿੱਚ ਨਸ਼ਿਆਂ ਦਾ ਮੁੱਢ ਬੰਨ੍ਹਣ ਵਾਲਾ ਕਹਿੰਦੇ ਰਹਿੰਦੇ ਹਨ, ਪਰ ਮੁਕੱਦਮਾ ਵੱਧ ਜਾਇਦਾਦ ਬਣਾਉਣ ਦਾ ਬਣਾਇਆ ਗਿਆ।

ਪੰਜਾਬ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਜਾਰੀ ਹੈ ਅਤੇ ਇਸਦੀ ਨਿਗਰਾਨੀ ਲਈ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਪੰਜ ਮੈਂਬਰੀ ਕਮੇਟੀ ਵੀ ਗਠਿਤ ਕੀਤੀ ਹੋਈ ਹੈ। ਹੁਣ ਸੁਆਲ ਉੱਠਦਾ ਹੈ ਕਿ ਰਾਜ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਲਈ ਪੰਜਾਬ ਸਰਕਾਰ ਤੇ ਪੁਲਿਸ ਕਿੰਨੀ ਕੁ ਸਫ਼ਲ ਹੈ ਅਤੇ ਨਿਗਰਾਨ ਕਮੇਟੀ ਦੀ ਭੂਮਿਕਾ ਕਿਹੋ ਜਿਹੀ ਹੈ ? ਇਸ ਦਾ ਜੁਆਬ ਦੇਣ ਲਈ ਬੀਤੇ ਦਿਨੀਂ ਬਠਿੰਡਾ ਸ਼ਹਿਰ ਤੋਂ ਪ੍ਰਾਪਤ ਹੋਈਆਂ ਦੋ ਤਸਵੀਰਾਂ ਹੀ ਕਾਫ਼ੀ ਹਨ।





ਪੰਜਾਬ ਸਰਕਾਰ ਵੱਲੋਂ ਪ੍ਰਚਾਰ ਕਰਕੇ ਦਾਅਵਾ ਕੀਤਾ ਜਾ ਰਿਹਾ ਹੈ, ਕਿ ਪੰਜਾਬ ਵਿੱਚ ਨਸ਼ਿਆਂ ਦੀ ਕਮਰ ਤੋੜ ਦਿੱਤੀ ਹੈ। ਅਸਲ ਵਿੱਚ ਨਸ਼ਾ ਸਮਗਲਰਾਂ ਦੇ ਘਰਾਂ ਦੀ ਢਾਹ ਢੁਆਈ ਕਰਕੇ ਅਤੇ ਨਸਾ ਤਸਕਰਾਂ ਨੂੰ ਕਾਬੂ ਕਰਨ ਦੇ ਅੰਕੜੇ ਪੇਸ਼ ਕਰਕੇ ਲੋਕਾਂ ਨੂੰ ਧਰਵਾਸ ਹੀ ਦਿੱਤਾ ਜਾ ਰਿਹਾ ਹੈ। ਸ਼ਹਿਰਾਂ ਦੇ ਖਾਲੀ ਪਲਾਟ, ਇਮਾਰਤਾਂ ਨਸ਼ਿਆਂ ਦੇ ਅੱਡੇ ਬਣੇ ਹੋਏ ਹਨ। ਸਰੇਆਮ ਨਸ਼ਾ ਵਿਕ ਰਿਹਾ ਹੈ, ਨਸ਼ਾ ਵਰਤਿਆ ਜਾ ਰਿਹਾ ਹੈ, ਨੌਜਵਾਨੀ ਤਬਾਹ ਹੋ ਰਹੀ ਹੈ, ਓਵਰਡੋਜ ਨਾਲ ਨੌਜਵਾਨ ਮਰ ਰਹੇ ਹਨ, ਇਹ ਹੀ ਸੱਚਾਈ ਹੈ। ਸੱਚ ਪਰਤੱਖ ਕਰਦੀਆਂ ਹੈਰਾਨੀਜਨਕ ਇਹ ਦੋਵੇਂ ਤਸਵੀਰਾਂ ਕੁੜੀਆਂ ਦੀਆਂ ਹਨ। ਇੱਕ ਵੱਧ ਨਸ਼ੇ ਕਾਰਨ ਪਰਸਰਾਮ ਨਗਰ ਦੀ ਸੜਕ ਦੇ ਵਿਚਕਾਰ ਦੁਨੀਆਂ ਤੋਂ ਬੇਖ਼ਬਰ ਹੋਈ ਬੈਠੀ ਹੈ। ਦੂਜੀ ਪ੍ਰਤਾਪ ਨਗਰ ਵਿੱਚ ਇੱਕ ਕੁੜੀ ਇੱਟਾਂ ਰੋੜਿਆਂ ਵਿੱਚ ਸਿਰ ਲੁਕੋਈ ਬੈਠੀ ਹੈ। ਦੋਵੇ ਬੇਸੁਧੀ ਹਾਲਤ ਵਿੱਚ ਹਨ, ਨਾ ਉਹਨਾਂ ਨੂੰ ਆਸੇ ਪਾਸੇ ਦਾ ਕੋਈ ਧਿਆਨ ਹੈ ਅਤੇ ਨਾ ਹੀ ਆਪਣੇ ਲੀੜੇ ਕੱਪੜਿਆਂ ਦਾ। ਇਹਨਾਂ ਨੇ ਨਸ਼ਾ ਕਿੱਥੋ ਲਿਆਂਦਾ, ਕਿਹੜੇ ਤਸਕਰ ਨੇ ਸਪਲਾਈ ਕੀਤਾ, ਸ਼ਾਇਦ ਇਹ ਪਤਾ ਕਰਨਾ ਪੁਲਿਸ ਦਾ ਕੰਮ ਨਹੀਂ ਹੋਵੇਗਾ। ਬਸਤੀ ਬੀੜ ਤਲਾਬ ਦੇ ਘਰਾਂ ਦੀ ਬਠਿੰਡਾ ਪੁਲਿਸ ਕਈ ਵਾਰ ਤਲਾਸ਼ੀ ਕਰ ਚੁੱਕੀ ਹੈ, ਲੋਕਾਂ ਦੇ ਬਕਸਿਆਂ ਤੱਕ ਦੇ ਕੱਪੜੇ ਵੀ ਖਿਲਾਰ ਖਿਲਾਰ ਕੇ ਤਲਾਸੀ ਲਈ ਗਈ। ਪਰ ਪਿਛਲੇ ਸਮੇਂ ਕਥਿਤ ਤੌਰ ਤੇ ਨਸ਼ਿਆਂ ਦੀ ਓਵਰਡੋਜ਼ ਨਾਲ ਕਰੀਬ ਤਿੰਨ ਹਫਤਿਆਂ ਵਿੱਚ ਬਠਿੰਡਾ ਸ਼ਹਿਰ 'ਚ ਸੱਤ ਮੌਤਾਂ ਹੋ ਚੁੱਕੀਆਂ ਹਨ, ਜਿਹਨਾਂ ਵਿੱਚ ਦੋ ਨੌਜਵਾਨ ਬੀੜ ਤਲਾਬ ਬਸਤੀ ਦੇ ਵੀ ਸ਼ਾਮਲ ਹਨ।

ਬਠਿੰਡਾ ਸ਼ਹਿਰ ਦੀਆਂ ਇਹ ਦੋ ਕੁੜੀਆਂ ਦੀਆਂ ਤਸਵੀਰਾਂ ਅਸਲ ਹਾਲਤ ਨੂੰ ਸਪਸ਼ਟ ਕਰਦੀਆਂ ਹਨ, ਕਿ ਸੂਬੇ ਵਿੱਚ ਨਸ਼ਿਆਂ ਦੀ ਸਥਿਤੀ ਕੀ ਹੈ। ਜੇਕਰ ਨੌਜਵਾਨ ਕੁੜੀਆਂ ਇਸ ਹੱਦ ਤੱਕ ਨਸ਼ਿਆਂ ਦੀ ਮਾਰ ਹੇਠ ਆ ਚੁੱਕੀਆਂ ਹਨ ਤਾਂ ਨੌਜਵਾਨ ਮੁੰਡਿਆਂ ਦਾ ਕੀ ਹਾਲ ਹੋਵੇਗਾ, ਇਸਦਾ ਅੰਦਾਜ਼ਾ ਅਸਾਨੀ ਨਾਲ ਹੀ ਲਗਾਇਆ ਜਾ ਹੈ। ਸਰਕਾਰ ਤੇ ਪੁਲਿਸ ਦੇ ਦਾਅਵੇ ਸੱਚੇ ਹਨ ਜਾਂ ਨਹੀਂ, ਇਹ ਤਸਵੀਰਾਂ ਇਸ ਤੱਥ ਦਾ ਨਿਤਾਰਾ ਕਰਦੀਆਂ ਹਨ। ਕੀ ਮੁੱਖ ਮੰਤਰੀ ਕੋਈ ਜਾਵਬ ਦੇਣਗੇ? ਜੁਆਬ ਦੀ ਉਡੀਕ ਰਹੇਗੀ।

---




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਗੋਪਾਲ ਸਹਿਗਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

ਗੋਪਾਲ ਸਹਿਗਲ

**ਪੰਜਾਬੀ ਅਤੇ ਹਿੰਦੀ ਫਿਲਮਾਂ ਵਿੱਚ ਬਤੌਰ ਕਮੇਡੀਅਨ ਭੂਮਿਕਾਵਾਂ ਨਿਭਾਉਣ ਵਾਲੇ ਗੋਪਾਲ ਸਹਿਗਲ ਦਾ ਜਨਮ ਜੰਮੂ ਸ਼ਹਿਰ ਵਿੱਚ ਸੁੰਦਰ ਦਾਸ ਸਹਿਗਲ ਦੇ ਘਰ 30 ਦਸੰਬਰ, 1925 ਨੂੰ ਹੋਇਆ ਸੀ। ਪੜ੍ਹਾਈ ਮੁਕੰਮਲ ਕਰਨ ਮਗਰੋਂ ਉਹਨਾਂ ਜੰਮੂ ਐਂਡ ਕਸ਼ਮੀਰ ਬੈਂਕ ਵਿੱਚ ਬਤੌਰ ਕਲਰਕ ਕੰਮ ਕੀਤਾ ਤੇ ਮਗਰੋਂ ਭਾਰਤ ਸਰਕਾਰ ਦੀ ਹੋਮ ਮਨਿਸਟਰੀ ਵਿੱਚ ਚਲੇ ਗਏ। ਇਥੇ ਉਹਨਾਂ ਨੂੰ ਸਪਰੂ ਹਾਊਸ ਦੀ ਥੀਏਟਰ ਕੰਪਨੀ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਤੇ ਥੀਏਟਰ ਦਾ ਇਹ ਸ਼ੌਕ ਉਹਨਾਂ ਨੂੰ ਬੰਬਈ ਲੈ ਗਿਆ। ਫਿਲਮ ਮੇਕਰ ਚੇਤਨ ਆਨੰਦ ਨੇ ਉਹਨਾਂ ਦੀ ਪ੍ਰਤਿਭਾ ਨੂੰ ਪਛਾਣਿਆ ਤੇ 1957 ਵਿੱਚ ਅਰਪਣ ਨਾਮ ਦੀ ਫਿਲਮ ਵਿੱਚ ਰੋਲ ਦੇ ਦਿੱਤਾ। ਫਿਲਮ ਬੁਰੀ ਤਰ੍ਹਾਂ ਫਲੌਪ ਰਹੀ ਪਰ ਇਸ ਨੂੰ ਨੈਸ਼ਨਲ ਫਿਲਮ ਅਵਾਰਡ ਦਿੱਤਾ ਗਿਆ। 1959 ਵਿੱਚ ਗੋਪਾਲ ਸਹਿਗਲ ਨੇ ਪੰਜਾਬੀ ਫਿਲਮ 'ਭੰਗੜਾ' ਵਿੱਚ ਕੰਮ ਕੀਤਾ ਤੇ ਫਿਰ ਖੇਡਣ ਦੇ ਦਿਨ ਚਾਰ, ਸ਼੍ਰੀਮਾਨ ਸਤਿਆਵਾਦੀ, ਕਿੱਕਲੀ, ਦੁਖ ਭੰਜਨ ਤੇਰਾ ਨਾਮ, ਜੁਗਨੀ, ਕੁਵਾਰਾ ਮਾਮਾ, ਦੋ ਲੱਛੀਆਂ, ਸਤਲੁਜ ਦੇ ਕੰਢੇ, ਅਤੇ ਦੋ ਪੋਸਤੀ ਸਮੇਤ 42 ਪੰਜਾਬੀ ਤੇ 35 ਹਿੰਦੀ ਫਿਲਮਾਂ ਚ ਬਤੌਰ ਕਮੇਡੀ ਕਲਾਕਾਰ ਕੰਮ ਕੀਤਾ। ਉਹਨਾਂ ਆਪਣੀ ਫਿਲਮ ਵੀ ਬਣਾਉਣੀ ਸ਼ੁਰੂ ਕੀਤੀ ਸੀ, ਤੇ ਨਾਮ ਸੀ 'ਠਨ ਠਨ ਗੋਪਾਲ' ਪਰ ਇਹ ਫਿਲਮ ਪੂਰੀ ਨਹੀਂ ਹੋ ਸਕੀ। ਕੋਈ ਸਮਾਂ ਸੀ ਜਦੋਂ ਕੋਈ ਵੀ ਪੰਜਾਬੀ ਫਿਲਮ ਬਿਨਾ ਗੋਪਾਲ ਸਹਿਗਲ ਦੇ ਰੋਲ ਤੋਂ ਸਫ਼ਲ ਨਹੀਂ ਮੰਨੀ ਜਾਂਦੀ ਸੀ। 1949 ਵਿੱਚ ਉਹਨਾਂ ਦਾ ਵਿਆਹ ਸ਼ਕੁੰਤਲਾ ਚੋਪੜਾ ਨਾਮਕ ਔਰਤ ਨਾਲ ਹੋਇਆ ਤੇ 1951 ਵਿੱਚ ਉਹਨਾਂ ਦੇ ਘਰ ਪੁੱਤਰ ਕਿਸ਼ੋਰ ਸਹਿਗਲ ਨੇ ਜਨਮ ਲਿਆ। ਉਹਨਾਂ ਦੇ ਵਿਰੋਧੀਆਂ ਅਤੇ ਫਿਲਮੀ ਜੀਵਨ ਵਿੱਚ ਉਹਨਾਂ ਦੀ ਸਫ਼ਲਤਾ ਤੋਂ ਸਾੜਾ ਖਾਣ ਵਾਲਿਆਂ ਨੇ ਉਹਨਾਂ ਨੂੰ ਉਹਨਾਂ ਦੇ ਦਫ਼ਤਰ ਦੀਆਂ ਪੌੜੀਆਂ ਵਿੱਚੋਂ ਧੱਕਾ ਦੇ ਦਿੱਤਾ ਤੇ ਇਸ ਨਾਲ ਉਹਨਾਂ ਦੇ ਸਿਰ ਵਿੱਚ ਸੱਟ ਲੱਗ ਗਈ ਤੇ 12 ਮਾਰਚ, 1987 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਚਿੱਠੀ ਆਈ ਹੈ !**

ਪਿਆਰੇ ਰਿਸ਼ੀ,

ਤੈਨੂੰ ਸ਼ਾਹਿਦ ਚੇਤੇ ਹੋਵੇ ਕਿ ਆਪਾਂ 1986 ਵਿੱਚ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਮਿਲੇ ਸੀ ਜਿੱਥੇ ਮੈਂ ਇਕ ਸਮਾਗਮ ਵਿੱਚ ਹਿੱਸਾ ਲੈਣ ਲਈ ਆਇਆ ਹੋਇਆ ਸਾਂ ਤੇ ਤੂੰ ਆਪਣੇ ਪਿਤਾ ਨਾਲ ਮੈਨੂੰ ਦੇਖਣ ਲਈ ਆਇਆ ਹੋਇਆ ਸੀ। ਮੈਂ ਤੈਨੂੰ ਤੇਰੀ ਕਾਪੀ ਵਿੱਚ ਆਪਣੇ ਹਸਤਾਖਰ ਵੀ ਕਰ ਕੇ ਦਿੱਤੇ ਸਨ - ਯਾਦ ਐ ਤੈਨੂੰ? ਤੂੰ ਮੇਰੇ ਨਾਲ ਇਕ ਫੋਟੋ ਵੀ ਖਿਚਵਾਈ ਸੀ! ਤੂੰ ਦੱਸਿਆ ਸੀ ਕਿ ਉਸ ਵੇਲੇ ਤੂੰ ਬੀਏ ਦਾ ਵਿਦਿਆਰਥੀ ਸੀ। ਕਲਾ ਜਗਤ ਵਿੱਚ ਆਈ ਗਿਰਾਵਟ, ਕਲਾਕਾਰਾਂ ਦੀ ਇਕ ਦੂਜੇ ਨਾਲ ਜੈਲਸੀ, ਸਾੜਾ, ਨਫ਼ਰਤ ਤੇ ਧੌਣ-ਵੱਢ ਕੰਪੀਟਿਸ਼ਨ ਨੇ ਮੈਨੂੰ ਇਹ ਚਿੱਠੀ ਲਿਖਣ ਲਈ ਮਜਬੂਰ ਕਰ ਦਿੱਤਾ ਹੈ। ਮੈਨੂੰ ਇਧਰ ਆਇਆਂ ਹੁਣ 38 ਸਾਲ ਹੋ ਗਏ ਨੇ ਤੇ ਅਸੀਂ ਸਾਰੇ - ਪੰਡਿਡ ਖ਼ਰੈਤੀ ਸ਼ਰਮਾ ਜਿਹਨੂੰ ਤੁਸੀਂ ਖ਼ਰੈਤੀ ਭੈਂਗਾ ਵੀ ਕਹਿੰਦੇ ਰਹੇ ਓ, ਮਿਹਰ ਮਿੱਤਲ, ਤੇ ਹੋਰ ਬਹੁਤ ਸਾਰੇ ਕਲਾਕਾਰ ਮਿਲਦੇ ਰਹਿੰਦੇ ਆਂ ਤੇ ਤੁਹਾਡੀ ਫਿਲਮ ਇੰਡਸਟਰੀ ਦੀ ਚਰਚਾ ਹੁੰਦੀ ਰਹਿੰਦੀ ਐ।

ਅਸੀਂ ਸਾਰੇ ਬਹੁਤ ਦੁਖੀ ਹੁੰਦੇ ਆਂ ਜਦੋਂ ਪੰਜਾਬੀ ਫਿਲਮਾਂ 'ਤੇ ਪੰਜਾਬੀ ਗਾਇਕ ਦਾ ਡਿੱਗਦੇ ਮਿਆਰ ਸਾਨੂੰ ਚੋਭਾਂ ਮਾਰਦੇ ਐ। ਮਿਆਰ ਸਿਰਫ਼ ਗਾਇਕੀ ਜਾਂ ਫਿਲਮਾਂ ਦਾ ਹੀ ਨਹੀਂ ਡਿੱਗਿਆ, ਤੁਹਾਡਾ ਵੀ ਡਿੱਗਿਆ ਹੈ, ਬਰਖੁਰਦਾਰ! ਮੇਰੀ ਇਹ ਗੱਲ ਤੁਹਾਨੂੰ ਕੌੜੀ ਲੱਗ ਸਕਦੀ ਐ...ਤੇ ਲੱਗੇ ਫਿਰ...ਮੈਨੂੰ ਕੀ...ਤੁਸੀਂ ਕਿਹੜਾ ਮੇਰੇ ਘਰ ਅੱਗੇ ਗੋਲੀਆਂ ਚਲਾ ਕੇ ਜਾਂ ਮੈਨੂੰ ਧਮਕੀਆਂ ਦੇ ਕੇ ਡਰਾ ਸਕਦੇ ਓ! ਨਾ ਤੁਸੀਂ ਮੇਰੇ ਕੋਲੋਂ ਫਿਰੌਤੀਆਂ ਮੰਗ ਸਕਦੇ ਓ! ਇਹ ਕੰਮ ਹੁਣ ਤੁਹਾਡੀ ਦੁਨੀਆਂ ਵਿੱਚ ਹੀ ਚੱਲਦਾ ਹੈ।

ਰਿਸ਼ੀ ਬਾਬੂ, ਪੰਜਾਬੀ ਫਿਲਮ ਇੰਡਸਟਰੀ, ਜਿਸ ਨੇ ਇੱਕ ਸਮੇਂ @ਮਾਮਾ ਜੀ@, @ਚੰਨ ਪਰਦੇਸੀ@ ਤੇ 'ਪਟੋਲੇ@ ਵਰਗੀਆਂ ਕਲਾਸਿਕ ਫਿਲਮਾਂ ਨਾਲ ਲੋਕਾਂ ਦੇ ਦਿਲ ਜਿੱਤੇ ਸਨ, ਅੱਜ ਗੰਭੀਰ ਦੁਰਦਸ਼ਾ ਦਾ ਸ਼ਿਕਾਰ ਹੈ। ਇੰਡਸਟਰੀ ਵਿਚ ਨਵੇਂ ਵਿਚਾਰਾਂ ਦੀ ਘਾਟ ਐ, ਗਾਣਿਆਂ ਤੇ ਹਾਸੇ-ਮਜ਼ਾਕ @ਤੇ ਪੂਰੀ ਨਿਰਭਰਤਾ ਹੋ ਗਈ ਐ ਤੇ ਇਤਿਹਾਸਕ ਜਾਂ ਸਮਾਜਿਕ ਵਿਸ਼ਿਆਂ ਦੀ ਕਮੀ ਕਾਰਨ ਗੁਣਵੱਤਾ ਵਾਲੀ ਪੰਜਾਬੀ ਫਿਲਮ ਦਾ ਬੇੜਾ ਗਰਕ ਹੋ ਗਿਆ ਹੈ। ਬਹੁਤ ਸਾਰੀਆਂ ਫਿਲਮਾਂ ਸਿਰਫ਼ YouTube ਰਿਲੀਜ਼ ਜਾਂ ਟੀਕਾ-ਟਿੱਪਣੀ ਵਾਲੀਆਂ ਬਣ ਕੇ ਰਹਿ ਗਈਆਂ ਹਨ। ਨਵੇਂ ਨਿਰਦੇਸ਼ਕ ਵਪਾਰਕ ਸਫਲਤਾ ਲਈ ਰਿਵਾਇਤੀ ਕਹਾਣੀਆਂ ਤੇ ਸਹੂਲਤਾਂ ਵਾਲਾ ਰਾਹ ਚੁਣ ਰਹੇ ਹਨ। ਸਰਕਾਰੀ ਮਦਦ ਦੀ ਕਮੀ, ਥੀਏਟਰਾਂ ਦੀ ਘੱਟ ਗਿਣਤੀ ਤੇ ਨੈਟਫਲਿਕਸ, ਐਮੇਜ਼ੋਨ ਵਰਗੇ ਡਿਜੀਟਲ ਪਲੇਟਫਾਰਮਾਂ ਨਾਲ ਮੁਕਾਬਲੇ ਨੇ ਵੀ ਚੁਣੌਤੀਆਂ ਵਧਾ ਦਿੱਤੀਆਂ ਹਨ।

ਅੱਜਕੱਲ੍ਹ ਪੰਜਾਬੀ ਗਾਇਕੀ ਵਿੱਚ ਫਿਰੌਤੀਆਂ, ਸਾੜਾ, ਦੁਸ਼ਮਣੀਆਂ ਅਤੇ ਗੋਲੀਬਾਰੀ ਵਾਲਾ ਰੁਝਾਨ ਖਤਰਨਾਕ ਹੱਦ ਤੱਕ ਵਧ ਗਿਆ ਹੈ। ਕਈ ਗਾਇਕ ਆਪਣੇ ਗਾਣਿਆਂ ਰਾਹੀਂ ਹਿੰਸਾ, ਬਦਲੇ ਅਤੇ ਗੈਰਕਾਨੂੰਨੀ ਹਥਿਆਰਾਂ ਦਾ ਪ੍ਰਚਾਰ ਕਰ ਰਹੇ ਹਨ, ਜਿਸ ਕਾਰਨ ਨੌਜਵਾਨ ਪੀੜ੍ਹੀ ਉੱਤੇ ਨਕਾਰਾਤਮਕ ਅਸਰ ਪੈ ਰਿਹਾ ਹੈ। ਗਾਇਕੀ ਇੱਕ ਸਮੇਂ ਪੰਜਾਬੀ ਸਭਿਆਚਾਰ, ਇਸ਼ਕ, ਮਾਂ-ਬੋਲੀ ਅਤੇ ਰੂਹਾਨੀਅਤ ਦਾ ਪ੍ਰਤੀਕ ਸੀ, ਪਰ ਹੁਣ ਇਹ ਗੱਲਾਂ ਪਿੱਛੇ ਛੱਡੀਆਂ ਜਾ ਰਹੀਆਂ ਹਨ। ਗੈਂਗਸਟਰਾਂ ਨਾਲ ਸੰਬੰਧਿਤ ਵੀਡੀਓਜ਼, ਲਾਈਵ ਮੁਕਾਬਲੇ ਅਤੇ ਔਨਲਾਈਨ ਧਮਕੀਆਂ ਨੇ ਸੰਗੀਤ ਜਗਤ ਨੂੰ ਖਤਰਨਾਕ ਬਣਾਇਆ ਹੈ। ਸਿੱਧੂ ਮੂਸੇ ਵਾਲਾ ਦੀ ਹੱਤਿਆ ਇਸ ਦੇ ਨਤੀਜੇ ਵਜੋਂ ਸਾਰਿਆਂ ਦੇ ਸਾਹਮਣੇ ਹੈ। ਜੇ ਇਹ ਰੁਝਾਨ ਨਾ ਰੁਕਿਆ, ਤਾਂ ਪੰਜਾਬੀ ਮਿਊਜ਼ਿਕ ਆਪਣੀ ਖੂਬਸੂਰਤੀ ਗਵਾ ਬੈਠੇਗਾ। ਸਮੇਂ ਦੀ ਲੋੜ ਹੈ ਕਿ ਗਾਇਕ ਤੇ ਨਿਰਮਾਤਾ ਜ਼ਿੰਮੇਵਾਰੀ ਨਾਲ ਕੰਮ ਲੈਣ ਤੇ ਤੁਸੀਂ ਵੀ ਬੰਦੇ ਬਣੋ! ਤੁਸੀਂ ਜੋ ਦੇਖੋਗੇ ਜਾਂ ਦੇਖਣਾ ਪਸੰਦ ਕਰੋਗੇ, ਕਲਾਕਾਰ ਤੁਹਾਨੂੰ ਉਹੀ ਕੁਝ ਪਰੋਸਣਗੇ! ਕਲਾਕਾਰਾਂ ਕੋਲ ਹੁਣ ਸਿਰਫ਼ ਲਾਇਕ ਤੇ

ਪਿਛਲੇ ਦਿਨੀਂ, ਅਮੈਰਿਕਾ ਦੇ ਕੌਲੋਰੈਡੋ ਵਾਲੇ ਮੌਰਿਸਨ ਐਂਫੀਥੀਏਟਰ ਵਿੱਚ 8 ਜੁਲਾਈ ਵਾਲੇ ਦਿਨ ਦੋ ਕਾਲੇ ਰਿੱਛ ਆ ਵੜੇ। ਹਜ਼ਾਰਾਂ ਲੋਕ ਉਸ ਵੇਲੇ ਉਥੇ ਹੋਣ ਵਾਲੇ ਇਕ ਸੰਗੀਤਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਆਏ ਹੋਏ ਸਨ। ਰਿੱਛਾਂ ਨੇ ਬੜੇ ਆਰਾਮ ਨਾਲ ਲਾਇਨ ਵਿੱਚ ਲੱਗ ਕੇ ਗੇਟ ਦੇ ਅੰਦਰ ਜਾਣ ਦਾ ਫੈਸਲਾ ਕੀਤਾ ਤੇ ਲੋਕਾਂ ਨੇ ਰਿੱਛਾਂ ਨਾਲ ਸੈਲਫੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਨਾ ਰਿੱਛਾਂ ਨੇ ਕੋਈ ਹਮਲਾ ਕੀਤਾ ਤੇ ਨਾ ਲੋਕਾਂ ਨੇ ਗਾਇਕਾਂ ਦੀ ਪਰਵਾਹ ਕੀਤੀ ਜਿਹੜੇ ਮਾਇਕ 'ਤੇ ਕਿੱਲ੍ਹ - ਕਿੱਲ੍ਹ . ਚੀਕ-ਚੀਕ ਕੇ ਕਹਿੰਦੇ ਰਹੇ ਕਿ ਸਾਡੇ ਵੱਲ ਧਿਆਨ ਦੇਵੋ...ਤੁਸੀਂ ਸਾਨੂੰ ਦੇਖਣ ਆਏ ਓ, ਰਿੱਛਾਂ ਨੂੰ ਨਹੀਂ! ਪਰ ਲੋਕ ਕਿਥੋਂ ਹਟਣ! ਖੈਰ! ਰਿੱਛਾਂ ਨੂੰ ਜਦੋਂ ਗੀਤਾਂ ਦੀ ਸਮਝ ਨਾ ਆਈ ਤੇ ਉਹਨਾਂ ਨੂੰ ਲੱਗਿਆ ਕਿ ਗੀਤ ਗਾਉਣ ਵਾਲੇ ਤਾਂ ਕੰਮ ਦੀ ਕੋਈ ਗੱਲ ਹੀ ਨਹੀਂ ਕਰ ਰਹੇ ਤਾਂ ਬੇਚਾਰੇ ਰਿੱਛ ਮਾਯੂਸ ਹੋ ਕੇ ਚਲੇ ਗਏ।

ਰਿਸ਼ੀ ਬਾਬੂ, ਮੈਂ ਤਾਂ ਇਕ ਅਖਾਣ ਸੁਣਿਆ ਸੀ - ਮੱਝ ਅੱਗੇ ਬੀਨ ਵਜਾਉਣਾ! ਸਾਡੇ ਵੇਲੇ ਰਿੱਛ ਤਾਂ ਮਦਾਰੀਆਂ ਦੀ ਡੁਗਡੁਗੀ 'ਤੇ ਨੱਚਦੇ ਹੁੰਦੇ ਸਨ ਤੇ ਹੁਣ ਉਹ ਅੰਗਰੇਜ਼ਾਂ ਦੇ ਮਿਊਜ਼ਿਕ ਦੇ ਸ਼ੌਕੀਨ ਹੋ ਗਏ ਲੱਗਦੇ ਨੇ! ਨਵਿਆਂ ਜ਼ਮਾਨਿਆਂ ਦੀਆਂ ਨਵੀਆਂ ਗੱਲਾਂ, ਭਾਈ।ਮਦਾਰੀਆਂ ਦੀਆਂ ਡੁਗਡੁਗੀਆਂ 'ਤੇ ਬਾਂਦਰ-ਬਾਂਦਰੀਆਂ ਵੀ ਨੱਚਦੇ ਹੁੰਦੇ ਸੀ। ਅਮਰੀਕਾ ਦੇ ਕੁਨੈਕਟਿਕਟ ਸੂਬੇ ਦੇ ਗਰੈਨਬੀ ਵਿੱਚ ਲੰਘੇ 6 ਜੁਲਾਈ ਵਾਲੇ ਦਿਨ ਇਕ ਮਾਂ ਰਿੱਛ ਆਪਣੇ 3 ਬੱਚਿਆਂ ਨੂੰ ਲੈ ਕੇ ਇਕ ਘਰ ਦੀ ਬੇਸਮੈਂਟ ਵਿੱਚੋਂ ਅੰਦਰ ਜਾ ਵੜੀ। ਪੌੜੀਆਂ ਚੜ੍ਹ ਕੇ ਉੱਪਰ ਚਲੇ ਗਈ ਜਿਥੇ ਘਰ ਦੇ ਲੋਕ ਮਿਊਜ਼ਿਕ ਲਾ ਕੇ ਰੋਟੀਆਂ ਖਾ ਰਹੇ ਸਨ। ਜਦੋਂ ਉਹਨਾਂ ਦੇਖਿਆ ਕਿ ਮਹਿਮਾਨ ਪੌੜੀਆਂ ਚੜ੍ਹ ਕੇ ਉੱਪਰ ਆ ਗਏ ਨੇ ਤੇ ਉਹਨਾਂ ਦੀਆਂ ਤਾਂ ਲੱਗ ਗਈਆਂ ਭਾਜੜਾਂ ਤੇ ਨਿਕਲਣ ਪਦੀੜਾਂ। ਇਕ ਬੱਚੇ ਰਿੱਛ ਨੇ ਦੇਖ ਲਿਆ ਕਿ ਘਰ ਦੇ ਬਾਬਾ ਜੀ ਫੋਨ ਕਰਨ ਲੱਗੇ ਨੇ ਪੁਲਿਸ ਨੂੰ। ਉਹਨੇ ਮਾਂ ਨੂੰ ਦੱਸਿਆ ਕਿ ਬਾਬਾ ਜੀ ਨੇ ਪੁਲਿਸ ਕਾਲ ਕਰ ਦਿੱਤੀ ਜੇ ਤੇ ਨਿਕਲੋ ਫਟਾਫਟ ਹੁਣ, ਤੇ ਮਾਂ ਰਿੱਛ ਨੇ ਸਾਰਾ ਫੂਡ ਸਮੇਟਿਆ ਤੇ ਬੱਚਿਆਂ ਸਮੇਤ ਨਿਕਲ ਗਈ। ਅਜੇ ਤੱਕ ਉਹਨਾਂ ਦਾ ਕੱਖ ਪਤਾ ਨਹੀਂ ਲੱਗਿਆ। ਮੈਨੂੰ ਤਾਂ ਲੱਗਦੈ ਕਿ ਹੁਣ ਦਾ ਮਿਊਜ਼ਿਕ ਰਿੱਛਾਂ ਵਾਸਤੇ ਬਣ ਕੇ ਰਹਿ ਗਿਆ। ਬੰਦਿਆਂ ਵਾਲੀ ਤਾਂ ਗੱਲ ਕੋਈ ਰਹੀ ਨਹੀਂ। ਹੁਣ ਤਾਂ ਖਿਆਲ ਰੱਖਣ ਦੀ ਲੋੜ ਐ ਕਿ ਗਾਣਾ ਗੂਣਾ ਲਾਉਣ ਲੱਗੇ, ਬੂਹੇ ਬਾਰੀਆਂ ਬੰਦ ਕਰ ਲਉ...ਕਿਤੇ ਅਜਿਹਾ ਨਾ ਹੋਵੇ ਕੋਈ ਰਿੱਛ ਰੁੱਛ ਈ ਨਾ ਅੰਦਰ ਆ ਵੜੇ!

ਰਿਸ਼ੀ ਬਾਬੂ, ਬਚਪਨ ਵਿੱਚ ਅਸੀਂ ਇਕ ਕਹਾਣੀ ਪੜ੍ਹਦੇ ਹੁੰਦੇ ਸੀ 'ਚਲਾਕ ਖਰਗੋਸ਼ ਤੇ ਮੂਰਖ ਸ਼ੇਰ'! ਇਸ ਵਿੱਚ ਖ਼ਰਗੋਸ਼, ਸ਼ੇਰ ਨੂੰ ਖੂਹ ਵਿੱਚ ਛਾਲ ਮਰਵਾ ਦਿੰਦੈ ਤੇ ਸਾਰੇ ਜਾਨਵਰ ਸੁਖ ਦਾ ਸਾਹ ਲੈਂਦੇ ਨੇ। ਪਰ ਤੁਹਾਡੀ ਦੁਨੀਆਂ ਵਿੱਚ ਸੁਖ ਦਾ ਸਾਹ ਆ ਹੀ ਨਹੀਂ ਰਿਹਾ। ਮੈਂ ਤਾਂ ਸੁਣਿਐ ਕਿ ਫਿਰੌਤੀਆਂ ਦੇ ਮਾਮਲੇ ਵਿੱਚ ਵੀ ਹੁਣ ਵੱਡੇ ਵੱਡੇ ਲੋਕ ਖੁਦ ਨੂੰ ਡੈਂਭਰਿਆ ਮਹਿਸੂਸ ਕਰ ਰਹੇ ਨੇ।

ਰਿਸ਼ੀ ਬੱਚੇ, ਯਮਨ ਦੀ ਰਾਜਧਾਨੀ ਸਨਾ ਵਿੱਚ ਇਕ ਬੜੀ ਦਿਲਚਸਪ ਘਟਨਾ ਵਾਪਰੀ ਸੀ ਸਾਲ 2022 ਵਿੱਚ। ਉਥੇ ਇਕ ਊਠ, ਜਿਉਲਰੀ ਦੀ ਇਕ ਦੁਕਾਨ ਵਿੱਚ ਅੰਦਰ ਵੜਣ ਦੀ ਕੋਸ਼ਿਸ਼ ਵਿੱਚ ਫਸ ਗਿਆ। ਅੰਦਰ ਵੜ ਨਾ ਹੋਵੇ ਤੇ ਬਾਹਰ ਨਿਕਲਿਆ ਨਾ ਜਾਵੇ। ਊਠ ਵੱਡਾ ਤੇ ਬੂਹਾ ਛੋਟਾ। ਅਖੀਰ, ਜਿਉਲਰੀ ਸ਼ੌਪ ਦੇ ਮਾਲਕ ਨੇ ਮਿੰਨਤਾਂ ਕਰਕੇ ਊਠ ਨੂੰ ਕਿਹਾ ਕਿ ਭਾਈ ਤੇਰੇ ਨਾਪ ਦੀ ਕੋਈ ਚੀਜ਼ ਮੇਰੇ ਕੋਲ ਹੈ ਨਹੀਂ ਤੇ ਤੂੰ ਚਲਿਆ ਜਾਹ, ਭਰਾਵਾ! ਮਸੀਂ ਉਹਨੇ ਊਠ ਤੋਂ ਖਹਿੜਾ ਛੁਡਵਾਇਆ। ਹੁਣ ਫਿਰੌਤੀਆਂ ਵਾਲਿਆਂ ਕੋਲੋਂ ਤੁਸੀਂ ਕਿਵੇਂ ਖਹਿੜਾ ਛੁਡਵਾਉਗੇ, ਰਿਸ਼ੀ ਬਾਬੂ? ਵੈਸੇ ਮੈਨੂੰ ਇਕ ਗੱਲ ਦਾ ਖ਼ਦਸ਼ਾ ਹੈ। ਤੁਸੀਂ ਲੋਕਾਂ ਨੇ ਵੀ ਗਰੁਪ ਬਣਾ ਲਏ ਨੇ। ਕੋਈ ਕਿਸੇ ਕਲਾਕਾਰ ਦੀ ਝੋਲੀ ਜਾ ਪੈਂਦਾ ਤੇ ਕੋਈ ਕਿਸੇ ਹੋਰ ਦੀ। ਦੁਸ਼ਮਣੀ ਉਹਨਾਂ ਦੀ, ਤੇ ਝੋਲੀ ਤੁਸੀਂ ਪੁਆ ਲੈਂਦੇ ਓ ਆਪਣੀ। ਤੁਹਾਡੀ ਝੋਲੀ ਚੁੱਕਣ ਦੀ ਆਦਤ ਨੇ ਲੋਕਾਂ ਵਿੱਚ ਵੰਡੀਆਂ ਪਾ ਦਿੱਤੀਆਂ ਨੇ। ਝੋਲੀ ਚੁੱਕ ਬਣ ਗਏ ਓ ਤੁਸੀਂ। ਧਮਕੀਆਂ ਤੇ ਬਦਮਾਸ਼ੀਆਂ ਨੇ ਕਲਾਕਾਰਾਂ ਨੂੰ ਤਾਂ ਰਗੜਣਾ ਈ ਸੀ, ਆਮ ਲੋਕ ਵੀ ਇਸ ਦੀ ਜ਼ਦ ਵਿੱਚ ਹੁਣ ਆ ਗਏ ਨੇ। ਲੜਾਈ ਕਲਾਕਾਰਾਂ ਦੀ, ਕਚੂਮਰ ਆਮ ਜਨਤਾ ਦਾ ਨਿਕਲਣ ਲੱਗ ਪਿਐ। ਉੱਪਰੋਂ ਮੈਂ ਸੁਣਿਐ ਕਿ ਕਨੇਡਾ ਦਾ ਕਾਨੂੰਨ ਬਹੁਤ ਈ ਕਮਜ਼ੋਰ ਐ। ਵੱਖ ਵੱਖ ਕਾਨੂੰਨਾਂ ਦੀ ਕਮਜ਼ੋਰੀ ਦਾ ਲਾਹਾ ਲੈ ਲੈ ਕੇ ਤੁਸੀਂ ਪਹਿਲਾਂ ਆਪਣੇ ਲੋਕਾਂ ਨੂੰ ਇਧਰ ਹਨੇਰੀ ਵਾਂਗ ਸੱਦਿਆ ਤੇ ਹੁਣ ਜਦੋਂ ਸਰਕਾਰ ਨੇ ਢਿੰਬਰੀ ਟੈਟ ਕਰਤੀ ਐ ਤਾਂ ਤੁਹਾਡੀਆਂ ਚਾਂਗਰਾਂ ਨਿੱਕਲੀਆਂ ਪਈਆਂ। ਇਹੀ ਹਾਲ ਹੁਣ ਤੁਸੀਂ ਕ੍ਰਾਇਮ ਦਾ ਕਰਤਾ। ਕਿਡੇ ਸਾਊ ਕਾਨੂੰਨ ਸਨ ਜਦੋਂ ਇਹ ਬਣੇ ਸਨ...ਉਹਨਾਂ ਨੂੰ ਕੀ ਪਤਾ ਸੀ ਕਿ ਰਿਸ਼ੀ ਵਰਗੇ ਲੋਕ ਇਧਰ ਆ ਜਾਣੇ ਨੇ...ਤੇ ਇਕ ਰਿਸ਼ੀ ਕਾਹਨੂੰ...ਸੈਂਕੜੇ ਤੇਰੇ ਵਰਗੇ ਇਥੇ ਤੁਰੇ ਫਿਰਦੇ ਐ! ਜੋ ਤੁਸੀਂ ਟ੍ਰੈਫਿਕ ਦਾ ਹਾਲ ਕਰਤਾ, ਜੋ ਤੁਸੀਂ ਇੰਸ਼ੋਰੈਂਸਾਂ ਦਾ ਹਾਲ ਕਰਤਾ, ਜੋ ਇਮਿਗ੍ਰੇਸ਼ਨ ਦਾ ਹਾਲ ਕੀਤਾ...ਤੌਬਾ ਈ ਭਲੀ ਐ ਭਾਈ!

ਰਿਸ਼ੀ, ਮੈਨੂੰ ਵੀ ਇਸੇ ਪ੍ਰੋਫੈਸ਼ਨਲ ਸਾੜੇ ਨੇ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ ਸੀ। ਉਹਨਾਂ ਨੇ ਮੈਨੂੰ ਪੌੜੀਆਂ ਵਿੱਚੋਂ ਧੱਕਾ ਦੇ ਦਿੱਤਾ। ਮੈਂ ਮੂੰਹ-ਸਿਰ ਪਰਨੇ ਸਾਰੀਆਂ ਪੌੜੀਆਂ ਨਾਲ ਟੱਕਰਾਂ ਮਾਰਦਾ ਹੇਠਾਂ ਆ ਡਿੱਗਿਆ ਸੀ ਤੇ ਮੈਨੂੰ ਕਦੀ ਮੁੜ ਹੋਸ਼ ਨਾ ਆਈ ਤੇ ਆਖਰ ਮੇਰੀ ਮੌਤ ਨਾਲ ਈ ਉਹਨਾਂ ਨੂੰ ਤਸੱਲੀ ਹੋਈ ਸੀ। ਸਾਡੇ ਵੇਲੇ ਇਸ ਤਰ੍ਹਾਂ ਦੇ ਢਕਵੰਜ ਸਨ ਤੇ ਤੁਹਾਡੇ ਵੇਲੇ ਗੋਲੀਆਂ ਚੱਲਣ ਲੱਗ ਪਈਆਂ ਨੇ। ਖੈਰ ਮੇਰ ਮਕਸਦ ਤਾਂ ਤੁਹਾਨੂੰ ਚੇਤਾਵਨੀ ਦੇਣਾ ਸੀ...ਬੰਦੇ ਬਣ ਜਾਉ, ਧਿਰਾਂ ਨਾ ਬਣੋ...ਕਲਾ ਦੇ ਪਾਰਖੂ ਨਹੀਂ ਬਣ ਸਕਦੇ ਤਾਂ ਕਲਾ ਨੂੰ ਪਸੰਦ - ਨਾਪਸੰਦ ਕਰਨ ਵਾਲੇ ਬਣੋ। ਵਧੀਆ ਆਲੋਚਕ ਬਣੋ ਤੇ ਦੁਸ਼ਮਣ ਨਾ ਬਣੋ। ਕ੍ਰਿਟਿਸਿਜ਼ਮ ਕਰੋ ਪਰ ਕਿਸੇ ਵਿੱਚ ਬਿਹਤਰੀ ਲਿਆਉਣ ਲਈ ਨਾ ਕਿ ਕਿਸੇ ਨੂੰ ਹੇਠੀ ਦਿਖਾਉਣ ਲਈ।

ਜੇ ਪੰਜਾਬੀ ਮਿਊਜ਼ਿਕ ਤੇ ਫਿਲਮ ਇੰਡਸਟਰੀ ਨੇ ਆਪਣਾ ਵਜੂਦ ਬਰਕਰਾਰ ਰੱਖਣਾ ਹੈ, ਤਾਂ ਕਲਾਤਮਕ ਨਵਾਂਪਣ, ਨਵੀਆਂ ਥੀਮਾਂ ਅਤੇ ਨੈਤਿਕ ਉੱਚਾਈ ਵਾਲੇ ਵਿਸ਼ਿਆਂ ਨੂੰ ਤਰਜੀਹ ਦੇਣੀ ਪਵੇਗੀ, ਨਹੀਂ ਤਾਂ ਬਾਬੇ ਨਾਨਕ ਦੀ ਰਬਾਬ ਦਾ ਤੁਸੀਂ ਕੀ ਬਣਾ ਦੇਣਾ ਹੈ, ਇਹ ਸੋਚ ਸੋਚ ਕੇ ਹੀ ਰੂਹ ਕੰਬ ਉੱਠਦੀ ਐ!

ਚੰਗ ਬੇਟਾ, ਫਿਰ ਕਦੀ ਲਿਖਾਂਗਾ ਜੇ ਹਾਲਾਤ ਸਿਧਰ ਗਏ ਤਾਂ!

ਤੇਰਾ ਅੰਕਲ,
ਗੋਪਾਲ ਸਹਿਗਲ!

---



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ‘ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ’ ’ਤੇ ਵਿਸ਼ੇਸ਼

## ਗੁਰਮੁਖ ਵਿਆਹੁਣ ਆਇਆ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
410, ਚੰਦਰ ਨਗਰ, ਬਟਾਲਾ।
ਮੋਬਾ: 97816-46008

ਸਿੱਖ ਪੰਥ ਦੇ ਮੋਢੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸੰਸਾਰਕ ਯਾਤਰਾ ਦੌਰਾਨ ਸੰਸਾਰੀ ਜੀਵਾਂ ਨੂੰ ਤਾਰਦਿਆਂ ਦੁਨੀਆਂ ਦੇ ਜਿਨ੍ਹਾ ਵੱਖ-ਵੱਖ ਮੁਲਕਾਂ,ਭਾਰਤ ਦੇ ਵੱਖ-ਵੱਖ ਸੂਬਿਆਂ ਤੇ ਪੰਜਾਬ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਨੂੰ ਆਪਣੀ ਚਰਨ ਛੋਹ ਦੇ ਕੇ ਭਾਗ ਲਗਾਏ ਸਨ,ਉਨ੍ਹਾ ਵਡਭਾਗੇ ਸਥਾਨਾਂ ’ਚੋਂ ਇਕ ਸਥਾਨ ਜ਼ਿਲਾ ਗੁਰਦਾਸਪੁਰ ਦਾ ਸਭ ਤੋਂ ਮਸ਼ਹੂਰ ਸ਼ਹਿਰ ਬਟਾਲਾ ਵੀ ਹੈ।ਬਟਾਲਾ ਦੀ ਧਰਤ ਉਸ ਵੇਲੇ ਪਾਵਨ ਹੋ ਕੇ ਗਦਗਦ ਹੋ ਉੱਠੀ ਸੀ ਜਦੋਂ ਸੰਨ 1487 ਵਿੱਚ ਅਠ੍ਹਾਰਾਂ ਵਰ੍ਹਿਆਂ ਦੀ ਉਮਰੇ ਭੈਣ ਨਾਨਕੀ ਦੇ ਵੀਰ ਤੇ ਪਿਤਾ ਕਲਿਆਣ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਜਾਏ ਸਪੁੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ ਵਾਸੀ ਸ੍ਰੀ ਮੂਲ ਚੰਦ ਪਟਵਾਰੀ ਅਤੇ ਬੀਬੀ ਚੰਦੋ ਦੀ ਲਾਡਲੀ ਧੀ ਬੀਬੀ ਸੁਲੱਖਣੀ ਨਾਲ ਅਨੰਦ ਕਾਰਜ ਕਰਨ ਲਈ ਇਥੇ ਪੁੱਜੇ ਸਨ।



ਇਸ ਵੇਲੇ ਬਟਾਲਾ ਦੇ ਸ਼ਹਿਰ ਦੇ ਬਿਲਕੁਲ ਕੇਂਦਰ ਵਿਚ ਸਥਿਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਪਰਿਵਾਰ ਦਾ ਘਰ ਸੀ ਤੇ ਇਸ ਘਰ ਤੋਂ ਕੁਝ ਕਦਮਾਂ ਦੀ ਵਿੱਥ ’ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਸੁਸ਼ੋਭਿਤ ਹੈ ਜੋ ਕਿ ਉਹ ਪਾਵਨ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਨੂੰ ਬਰਾਤ ਦੇ ਢੁਕਾਅ ਸਮੇਂ ਕਿਸੇ ਨੇ ਬਿਠਾ ਦਿੱਤਾ ਸੀ। ਇਥੇ ਇੱਕ ਕੱਚੀ ਕੰਧ ਸੀ ਜਿਸਦੇ ਨਜ਼ਦੀਕ ਆ ਕੇ ਗੁਰੂ ਸਾਹਿਬ ਨੇ ਆਸਣ ਲਾਇਆ ਸੀ। ਉੱਥੇ ਹਾਜ਼ਰ ਇੱਕ ਬਜ਼ੁਰਗ ਮਾਤਾ ਨੇ ਆਪ ਨੂੰ ਜਦ ਇਹ ਆਖ ਕੇ ਉੱਥੋਂ ਦੂਰ ਹਟਣ ਲਈ ਕਿਹਾ ਕਿ “ ਪੁੱਤਰ ਇਹ ਕੰਧ ਕੱਚੀ ਹੈ।ਇਹ ਡਿੱਗ ਪਏਗੀ” ਤਾਂ ਗੁਰੂ ਸਾਹਿਬ ਨੇ ਮੁਸਕੁਰਾਉਂਦਿਆਂ ਹੋਇਆਂ ਉੱਤਰ ਦਿੱਤਾ-“ਮਾਤਾ ਜੀ,ਇਹ ਕੰਧ ਨਹੀਂ ਡਿੱਗੇਗੀ। ਇਹ ਯੁਗਾਂ ਯੁਗਾਂ ਤੱਕ ਕਾਇਮ ਰਹੇਗੀ ਤੇ ਸਾਡੇ ਵਿਆਹ ਦੀ ਯਾਦਗਾਰ ਰਹੇਗੀ ”। ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਗੁਰੂ ਸਾਹਿਬ ਦੇ ਬਚਨਾਂ ਅਨੁਸਾਰ ਅੱਜ 538 ਵਰ੍ਹੇ ਬੀਤ ਜਾਣ ਮਗਰੋਂ ਵੀ ਉਹ ਕੱਚੀ ਕੰਧ ਉਸੇ ਤਰ੍ਹਾਂ ਆਪਣੇ ਸਥਾਨ ’ਤੇ ਸੁਭਾਇਮਾਨ ਹੈ।

ਇਤਿਹਾਸਕ ਸ਼ਹਿਰ ਬਟਾਲਾ ਵਿਖੇ ਹਰ ਸਾਲ ‘ਬਾਬੇ ਦਾ ਵਿਆਹ’ ਸਿਰਲੇਖ ਹੇਠ ਮਨਾਏ ਜਾਂਦੇ ਵਿਆਹ ਪੁਰਬ ਮੌਕੇ ਦੇਸ਼ਾਂ-ਵਿਦੇਸ਼ਾਂ ਤੋਂ ਲੱਖਾਂ ਸੰਗਤਾਂ ਹਾਜ਼ਰੀ ਭਰਦੀਆਂ ਹਨ ਅਤੇ ਇਕ ਵਿਸ਼ਾਲ ਨਗਰ ਕੀਰਤਨ ਤੋਂ ਇਲਾਵਾ ਅਨੇਕਾਂ ਥਾਂਵਾਂ ’ਤੇ ਕੀਰਤਨ ਦਰਬਾਰ ਤੇ ਢਾਡੀ ਦਰਬਾਰ ਸਜਾਏ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦੇ ਸ੍ਰੀ ਸੁਲਤਾਨਪੁਰ ਲੋਧੀ ਵਿਖੇ ਸਥਿਤ ਸਹੁਰਾ ਘਰ ਤੋਂ ਬਰਾਤ ਰੂਪ ਵਿੱਚ ਆਈ ਸੰਗਤ ਦਾ ਸਮੂਹ ਬਟਾਲਾ ਵਾਸੀ ਸੰਗਤਾਂ ਵੱਲੋਂ ਭਰ੍ਹਵਾਂ ਸੁਆਗਤ ਕੀਤਾ ਜਾਂਦਾ ਹੈ ਤੇ ਰੱਜਵੀਂ ਸੇਵਾ ਕੀਤੀ ਜਾਂਦੀ ਹੈ।ਦਸ ਟਨ ਦੇ ਕਰੀਬ ਵੱਖ-ਵੱਖ ਮਿੱਠੇ ਅਤੇ ਨਮਕੀਨ ਪਦਾਰਥਾਂ ਤੋਂ ਬਣੀ ਵਿਆਹ ਦੀ ਵਿਸ਼ੇਸ਼ ਭਾਜੀ ਪੂਰੇ ਬਟਾਲਾ ਸ਼ਹਿਰ ਦੀਆਂ ਅਤੇ ਬਾਹਰੋਂ ਆਈਆਂ ਸੰਗਤਾਂ ਨੂੰ ਬਤੌਰ ਪ੍ਰਸ਼ਾਦ ਵੰਡੀ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਘਰ ਸੰਨ 1494 ਵਿੱਚ ਬਾਬਾ ਸ੍ਰੀ ਚੰਦ ਜੀ ਨੇ ਅਤੇ ਸੰਨ 1496 ਵਿੱਚ ਬਾਬਾ ਲਖਮੀ ਚੰਦ ਜੀ ਨਾਮਕ ਪੁੱਤਰਾਂ ਨੇ ਜਨਮ ਲਿਆ ਸੀ। ਗੁਰੂ ਸਾਹਿਬ ਜੀ ਜਦ ਉਦਾਸੀਆਂ ਸਮੇਂ ਸੰਸਾਰ ਯਾਤਰਾ ’ਤੇ ਨਿੱਕਲੇ ਸਨ ਤਾਂ ਪਿੱਛੇ ਮਾਤਾ ਸੁਲੱਖਣੀ ਜੀ ਨੇ ਹੀ ਬੜੀ ਨਿਮਰਤਾ ਤੇ ਸੇਵਾ ਭਾਵਨਾ ਨਾਲ ਦੋਵਾਂ ਬਾਲਾਂ ਦਾ ਪਾਲਣ ਪੋਸ਼ਣ ਕੀਤਾ ਸੀ ਅਤੇ ਆਪਣੇ ਸੱਸ-ਸਹੁਰਾ ਸ੍ਰੀਮਤੀ ਤ੍ਰਿਪਤਾ ਦੇਵੀ ਅਤੇ ਸ੍ਰੀ ਕਲਿਆਣ ਦਾਸ ਜੀ ਦੀ ਟਹਿਲ-ਸੇਵਾ ਕੀਤੀ ਸੀ।

30 ਅਗਸਤ ਦੇ ਦਿਨ ਬਟਾਲਾ ਵਿਖੇ ਸਜਾਏ ਜਾਂਦੇ ਵਿਸ਼ਾਲ ਧਾਰਮਿਕ ਦੀਵਾਨਾਂ ਵਿੱਚ ਵੱਡੀਆਂ ਪੰਥਕ ਸ਼ਖ਼ਸੀਅਤਾਂ, ਰਾਜਨੇਤਾਵਾਂ, ਰਾਗੀਆਂ, ਕਥਾਕਾਰਾਂ ਅਤੇ ਢਾਡੀਆਂ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ ਜਾਂਦੀ ਹੈ। ਬੱਚਿਆਂ ਤੇ ਨੌਜਵਾਨਾਂ ਵੱਲੋਂ ਪੰਘੂੜੇ ਝੂਟੇ ਜਾਂਦੇ ਹਨ ਤੇ ਇੱਥੇ ਸਜਾਏ ਗਏ ਬਜ਼ਾਰਾਂ ਵਿੱਚ ਲੋਕ ਵੱਖ-ਵੱਖ ਪ੍ਰਕਾਰ ਦੇ ਵਿਅੰਜਨਾਂ ਅਤੇ ਸਜਾਵਟੀ ਵਸਤੂਆਂ ਦਾ ਅਨੰਦ ਮਾਣਦੇ ਹਨ ਤੇ ਭਾਰੀ ਖ਼ਰੀਦੋ-ਫ਼ਰੋਖ਼ਤ ਕਰਦੇ ਹਨ। ਸਮੁੱਚਾ ਸ਼ਹਿਰ ਦੁਲਹਨ ਵਾਂਗ ਸ਼ਿੰਗਾਰਿਆ ਹੁੰਦਾ ਹੈ ਤੇ ਲੋਕ ਗੁਰੂ ਨਾਨਕ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਦੀ ਯਾਦ ਨੂੰ ਆਪੋ-ਆਪਣੇ ਢੰਗ-ਤਰੀਕਿਆਂ ਨਾਲ ਮਨਾਉਂਦੇ ਹੋਏ ਅਨੰਦਿਤ ਹੁੰਦੇ ਹਨ।

# “ਮਿਰਤਕ ਦੇਹ ਦੀਆਂ ਜਾਂ ਮੌਤ ਕਿਨਾਰੇ ਪਏ ਇਨਸਾਨ ਦੀਆਂ ਤਸਵੀਰਾਂ ਜਨਤਕ ਕਰਨੀਆਂ ਕਿੰਨੀਆਂ ਕੁ ਜਾਇਜ਼ ? ”



ਮਿੰਟੂ ਬਰਾੜ ਆਸਟਰੇਲੀਆ
mintubrar@gmail.com

ਦੋਸਤੋ ! ਬੀਤੇ ਕੁਝ ਕੁ ਦਿਨਾਂ ਤੋਂ ਭੱਲਾ ਸਾਹਿਬ ਦੀਆਂ ਹਸਪਤਾਲ ਵਿੱਚੋ ਖਿੱਚੀਆਂ ਅੰਤਿਮ ਤਸਵੀਰਾਂ ਸੋਸ਼ਲ ਮੀਡੀਆ ਉਤੇ ਵੱਖ ਵੱਖ ਲੋਕਾਂ ਵੱਲੋਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੂੰ ਦੇਖ ਕੇ ਇਕ ਬਾਰ ਮਨ ਫੇਰ ਦੁਖੀ ਹੋਇਆ। ਅੱਜ ਤੋਂ ਚਾਰ ਪੰਜ ਵਰ੍ਹੇ ਪਹਿਲਾਂ ਲਿਖਿਆ ਲੇਖ ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ ਉਮੀਦ ਹੈ ਕਿ ਤੁਸੀਂ ਇਸ ਨੂੰ ਪੜ੍ਹ ਕੇ ਅੱਗ ਤੋਂ ਏਦਾਂ ਦੀ ਗਲਤੀ ਨਾ ਕਰੋ।

“ਮਿਰਤਕ ਦੇਹ ਦੀਆਂ ਜਾਂ ਮੌਤ ਕਿਨਾਰੇ ਪਏ ਇਨਸਾਨ ਦੀਆਂ ਤਸਵੀਰਾਂ ਜਨਤਕ ਕਰਨੀਆਂ ਕਿੰਨੀਆਂ ਕੁ ਜਾਇਜ਼ ? ”

ਆਧੁਨਿਕ ਯੁੱਗ ਦੇ ਵਿਚ ਨਿੱਜਤਾ ਛਿੱਕੇ ’ਤੇ ਟੰਗੀ ਦਿਖਾਈ ਦਿੰਦੀ ਹੈ। ਸਾਡੇ ਬਜ਼ੁਰਗ ਭਾਵੇਂ ਅਨਪੜ੍ਹ ਸੀ ਪਰ, ਪਰਦੇ ਦਾ ਮਤਲਬ ਸਮਝਦੇ ਸਨ। ਉਹ ਬੰਦ ਮੁੱਠੀਆਂ ਦੀ ਅਹਿਮੀਅਤ ਤੋਂ ਜਾਣੂ ਸਨ। ਪਰ ਅੱਜ ਹਰ ਕੋਈ ਆਪਣੇ ਪੋਤੜੇ ਜੱਗ ਦੇ ਸਾਹਮਣੇ ਫਿਰੋਲਣ ਚ ਵਡਿਆਈ ਮਹਿਸੂਸ ਕਰਦਾ ਹੈ। ਹੋ ਸਕਦਾ ਇਸੇ ਨੂੰ ਪੀੜ੍ਹੀਆਂ ਦਾ ਪਾੜਾ (ਜਨਰੇਸ਼ਨ ਗੈਪ) ਕਿਹਾ ਜਾਂਦਾ ਹੋਵੇ ? ਹੋ ਸਕਦਾ ਪੜ੍ਹਨ ਲਿਖਣ ਨਾਲ ਉਹਨਾਂ ਦਾ ਤੀਜਾ ਨੇਤਰ ਖੁੱਲ੍ਹ ਕੇ ਇਹ ਕਹਿੰਦਾ ਹੋਵੇ ਕਿ ਨਿੱਜਤਾ ਦਾ ਜਨਾਜ਼ਾ ਕੱਢਣ ਵਾਲਾ ਹੀ ਮਹਾਨ ਹੁੰਦਾ ਹੈ। ਪਰ ਇਸ ਦਾ ਦੂਜਾ ਪੱਖ ਵੀ ਹੈ ਉਹ ਵੀ ਵਿਚਰਾਂਗੇ ਇਸ ਲੇਖ ’ਚ ਅਤੇ ਆਪ ਸਭ ਅੱਗੇ ਇਕ ਬੇਨਤੀ ਕਰਾਂਗੇ। ਜੇ ਕਰ ਮੰਨੋ ਤਾਂ ਭਲਾ, ਜੇ ਨਾ ਮੰਨੋ ਤਾਂ ਵੀ ਭਲਾ।

ਨਿੱਜਤਾ ਨੂੰ ਦੋ ਹਿੱਸਿਆਂ ’ਚ ਵੰਡਦੇ ਹਾਂ ਇਕ ਆਪਣੀ ਤੇ ਇਕ ਦੂਜੇ ਦੀ(ਵੈਸੇ ਨਿੱਜਤਾ ਸ਼ਬਦ ਨਿਜ ਤੋਂ ਹੋਂਦ ’ਚ ਆਇਆ ਹੈ ਸੋ ਸ਼ਾਇਦ ਇੱਥੇ ਦੂਜੇ ਲਈ ਇੰਝ ਨਹੀਂ ਵਰਤਿਆ ਜਾ ਸਕਦਾ ਪਰ ਅਸੀਂ ਇੱਥੇ ਇਸ ਨੂੰ ਪ੍ਰਾਈਵੇਸੀ ਤੋਂ ਲੈ ਰਹੇ ਹਾਂ)।

ਆਪਣੀ ਨਿੱਜਤਾ ਤੇ ਤੁਹਾਨੂੰ ਪੂਰਾ ਅਧਿਕਾਰ ਹੈ। ਸੋ ਇਸ ਤੇ ਗੱਲ ਕਰਨ @ਚ ਸਮਾਂ ਜਾਇਆ ਨਹੀਂ ਕਰਾਂਗੇ। ਦੂਜੇ ਦੀ ਨਿੱਜਤਾ ਵੀ ਅੱਗੇ ਦੋ ਕਿਸਮ ਦੀ ਹੁੰਦੀ ਹੈ ਇਕ ਜਿਉਂਦੇ ਜੀ ਦੀ ਤੇ ਇਕ ਉਸ ਦੇ ਮਰਨ ਪਿੱਛੋਂ ਦੀ। ਜਿਊਂਦੇ ਜੀਅ ਤਾਂ ਅਗਲਾ ਆਪੇ ਨਜਿੱਠੂ, ਜੇ ਕੋਈ ਉਸ ਦੀ ਨਿੱਜਤਾ ‘ਚ ਖ਼ਲਲ ਪਾਊ। ਪਰ ਜੋ ਇਨਸਾਨ ਦੁਨੀਆ ਛੱਡ ਗਿਆ ਉਸ ਦੇ ਕੀਤੇ ਚੰਗੇ ਮੰਦੇ ਕੰਮਾਂ ਨੂੰ ਤਾਂ ਤੁਸੀਂ ਖੰਘਾਲ ਸਕਦੇ ਹੋ ਪਰ ਉਸ ਦੀ ਨਿੱਜਤਾ ਉੱਤੇ ਤੁਹਾਡਾ ਕੋਈ ਅਧਿਕਾਰ ਨਹੀਂ ਬਣਦਾ। ਸੋ ਆਓ ਕੁਝ ਇਸੇ ਵਿਸ਼ੇ ‘ਤੇ ਵਿਚਾਰ ਕਰੀਏ।

ਆਸਟ੍ਰੇਲੀਆ ਆ ਕੇ ਬਹੁਤ ਕੁਝ ਨਵਾਂ ਦੇਖਿਆ, ਸੁਣਿਆ, ਸਮਝਿਆ ਅਤੇ ਅਪਣਾਇਆ। ਭਾਵੇਂ ਉਹਨਾਂ ‘ਚੋਂ ਬਹੁਤ ਸਾਰੀਆਂ ਗੱਲਾਂ ਬਾਰੇ ਸੰਖੇਪ ‘ਚ ਪਹਿਲਾ ਤੋਂ ਹੀ ਜਾਣਦੇ ਸੀ ਪਰ ਗਹਿਰਾਈ ‘ਚ ਇੱਥੇ ਆ ਕੇ ਪਤਾ ਚੱਲਿਆ। ਅੱਜ ਜਦੋਂ ਦੁਨੀਆ ਇਕ ਮਹਾਂਮਾਰੀ ਨਾਲ ਜੂਝ ਰਹੀ ਹੈ ਤੇ ਹਰ ਦਿਨ ਚੜ੍ਹਦੇ ਨੂੰ ਸੋਸ਼ਲ ਮੀਡੀਆ ਦੁਖਦਾਈ ਸੁਨੇਹਿਆਂ ਨਾਲ ਲੱਦਿਆ ਦਿਖਾਈ ਦਿੰਦਾ ਹੈ ਤਾਂ ਉਸੇ ਦੌਰਾਨ ਜੋ ਨਿੱਜਤਾ ਦਾ ਘਾਣ ਸਾਨੂੰ ਦੇਖਣ ਨੂੰ ਮਿਲਦਾ ਬੱਸ ਉਸੇ ਬਾਰੇ ਅੱਜ ਗੱਲ ਕਰਨੀ ਹੈ ਕਿ ਕੀ “ਇਕ ਮਿਰਤਕ ਦੇਹ ਦੀਆਂ ਤਸਵੀਰਾਂ ਜਨਤਕ ਤੌਰ ਤੇ ਸੋਸ਼ਲ ਮੀਡੀਆ ਉੱਤੇ ਪਾਉਣਾ ਕਿੰਨਾ ਕੁ ਜਾਇਜ਼ ਹੈ ?” ਗੱਲ ਨੂੰ ਪੁਖ਼ਤਾ ਕਰਨ ਲਈ ਦੋ ਕੁ ਹੱਡ-ਬੀਤੀਆਂ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ।



ਯੂ ਟਿਊਬ ਚੈਨਲ ‘ਪੇਂਡੂ ਆਸਟ੍ਰੇਲੀਆ ਸ਼ੁਰੂ ਕਰਨ ਤੋਂ ਪਹਿਲਾਂ ਦੀ ਗੱਲ ਹੈ। ਮੈਨੂੰ ਅਤੇ ਮਨਪ੍ਰੀਤ ਸਿੰਘ ਢੀਂਡਸਾ ਨੂੰ ਸੰਗੀਤਿਕ ਫ਼ਿਲਮਾਂ ਬਣਾਉਣ ਦਾ ਭੂਤ ਸਵਾਰ ਹੋ ਗਿਆ। ਇਕ ਗਾਣਾ ਤਿਆਰ ਕੀਤਾ ਤੇ ਸ਼ੁਰੂ ਹੋ ਗਿਆ ਉਸ ਨੂੰ ਫਿਲਮਾਉਣ ਦਾ ਕੰਮ। ਚੰਗੀ ਪਟਕਥਾ ਲਿਖੀ, ਅਦਾਕਾਰੀ ਲਈ ਨੌਜਵਾਨ ਮੁੰਡੇ ਕੁੜੀਆਂ ਲੱਭੇ। ਇਸੇ ਦੌਰਾਨ ਇਕ ਇਰਾਨੀ ਕੁੜੀ ਡੋਰਸਾ ਮਿਲੀ। ਜੋ ਕਿ ਹਿੰਦੀ ਫ਼ਿਲਮਾਂ ਦੀ ਮੁਰੀਦ ਸੀ। ਉਸ ਨੂੰ ਗਾਣੇ ਦੀ ਮੁੱਖ ਅਦਾਕਾਰਾ ਦੇ ਤੌਰ ਤੇ ਚੁਣ ਲਿਆ। ਵੱਖੋ-ਵੱਖ ਮਨਮੋਹਕ ਥਾਂਵਾਂ ਤੇ ਗੀਤ ਫ਼ਿਲਮਾਇਆ। ਕੁਝ ਅਖੀਰੀ ਸੀਨ ਲੈਣ ਲਈ ਅਸੀਂ ਸਾਊਥ ਆਸਟ੍ਰੇਲੀਆ ਦੇ ਬਹੁਤ ਹੀ ਖ਼ੂਬਸੂਰਤ ਇਲਾਕੇ ਬਰੋਸਾ-ਵੈਲੀ ਦੀ ਇਕ ਖ਼ੂਬਸੂਰਤ ਸ਼ਮਸ਼ਾਨ ਨੂੰ ਚੁਣਿਆ। ਅਸੀਂ ਸੈੱਟ ਲਾ ਕੇ ਅਦਾਕਾਰਾ ਦਾ ਇੰਤਜ਼ਾਰ ਕਰ ਰਹੇ ਸੀ। ਜਦੋਂ ਉਹ ਆਈ ਤਾਂ ਕਾਰ ਚੋਂ ਉੱਤਰਦੇ ਹੀ ਬੋਲੀ ਕਿ ਕੀ ਸੀਨ ਹੈ ? ਅਸੀਂ ਕਿਹਾ ਬੱਸ ਤੁਸੀਂ ਸਾਥੀ ਅਦਾਕਾਰ ਦਾ ਹੱਥ ਫੜ ਕੇ ਇਸ ਸ਼ਮਸ਼ਾਨ ਭੂਮੀ ਵਿਚੋਂ ਦੀ ਲੰਘ ਜਾਣਾ ਹੈ। ਕਿਉਂਕਿ ਗੀਤ ਦੇ ਕੁਝ ਬੋਲ ਏਦਾਂ ਦੇ ਸਨ। ਪਰ ਉਹ ਤਾਂ ਇਹ ਸੁਣਨ ਸਾਰ ਸਾਨੂੰ ਪੈ ਗਈ ਕਹਿੰਦੀ ਕੀ ਤੁਹਾਡੇ ਹਿਰਦੇ ਚ ਇਹਨਾਂ ਤੁਰ ਗਏ ਲੋਕਾਂ ਪ੍ਰਤੀ ਭੋਰਾ ਸਤਿਕਾਰ ਨਹੀਂ ? ਮੈਂ ਤਾਂ ਤੁਹਾਡੀਆਂ ਫ਼ਿਲਮਾਂ ਚ ਦੇਖਿਆ ਸੁਣਿਆ ਸੀ ਕਿ ਤੁਸੀਂ ਬਹੁਤ ਸੰਸਕਾਰੀ ਹੁੰਦੇ ਹੋ। ਜਾਓ ਮੈਂ ਨਹੀਂ ਕਰਨਾ ਇਹ ਸੀਨ ਤੇ ਨਾ ਇਹ ਗਾਣਾ। ਉਸ ਵਕਤ ਸਾਡੇ ਕੀ ਹਾਲ ਹੋਏ ਹੋਣਗੇ ! ਇਹ ਤੁਸੀਂ ਹੁਣ ਆਪ ਆਪਣੇ ਦਿਮਾਗ਼ ਚ ਚਿਤਰ ਲਵੋ।

ਚਲੋ ਬੜੀ ਮੁਸ਼ਕਲ ਨਾਲ ਅਸੀਂ ਡੋਰਸਾ ਨੂੰ ਸਮਝਾ ਕੇ ਘਰ ਤੋਰਿਆ ਤੇ ਆਪਣੀ ਸਾਰੀ ਮਿਹਨਤ ਖੂਹ ਚ ਪਾ ਕੇ ਨਵੇਂ ਸਿਰੇ ਤੋਂ ਹੋਰ ਅਦਾਕਾਰਾਂ ਤੇ ਹੋਰ ਪਟਕਥਾ ਨਾਲ ਗੀਤ ਫ਼ਿਲਮਾਇਆ। ਪਰ ਹਾਂ ਜੋ ਸਬਕ ਉਹ ਕੁੜੀ ਸਾਨੂੰ ਦੇ ਗਈ, ਨਾ ਹਾਲੇ ਭੁੱਲੇ ਹਾਂ ਨਾ ਕਦੇ ਭੁੱਲਾਂਗੇ। ਜਾਂਦੀ-ਜਾਂਦੀ ਉਹ ਕਹਿੰਦੀ ਕਿ ਕੀ ਹੋਇਆ ਇਹ ਅੱਜ ਸੰਸਾਰ ਚ ਨਹੀਂ ਹਨ ਪਰ ਕੀ ਜੇ ਉਹ ਹੁੰਦੇ, ਉਹ ਸਾਨੂੰ ਆਪਣੀ ਨਿੱਜਤਾ ਵੱਲ ਝਾਕਣ ਦਿੰਦੇ ? ਉਸ ਦੇ ਸਵਾਲ ਬਹੁਤ ਗਹਿਰੇ ਸਨ। ਉਹਨਾਂ ਦਾ ਜਵਾਬ ਨਮੋਸ਼ੀ ਭਰੀ ਚੁੱਪ ਨਾਲ ਅਤੇ ਪਛਤਾਵੇ ਨਾਲ ਹੀ ਦਿੱਤਾ ਜਾ ਸਕਦਾ ਸੀ। ਜੋ ਅਸੀਂ ਉਸ ਵਕਤ ਦਿੱਤਾ।

ਦੂਜੀ ਘਟਨਾ ਵੀ ਸੁਣ ਲਵੋ। ਮੈਂ ਆਸਟ੍ਰੇਲੀਆ ਆਪਣੇ ਵੱਡੇ ਸਾਢੂ ਸਾਹਿਬ ਸ ਨਿਰਮਲ ਸਿੰਘ ਦੇ ਕਹਿਣ ਅਤੇ ਉਹਨਾਂ ਦੀ ਮਦਦ ਸਦਕਾ ਹੀ ਆਉਣ ਚ ਕਾਮਯਾਬ ਹੋਇਆ ਸੀ। ਰੱਬੀ ਰੂਹ ਸਨ ਉਹ। ਅਚਾਨਕ ਇਕ ਭੈੜੀ ਬਿਮਾਰੀ ਉਹਨਾਂ ਨੂੰ ਸਾਡੇ ਕੋਲੋਂ ਲੈ ਗਈ। ਉਹਨਾਂ ਦੇ ਬੱਚੇ ਹਾਲੇ ਜਵਾਨੀ ਦੀ ਦਹਿਲੀਜ਼ ਤੇ ਸਨ। ਜਦੋਂ ਆਖ਼ਰੀ ਰਸਮਾਂ ਦੀ ਗੱਲ ਆਈ ਤਾਂ ਵੀਰ ਜੀ ਦੇ ਕੁਝ ਕੁ ਖ਼ਾਸ ਮਿੱਤਰ ਮੇਰੇ ਨਾਲ ਬੈਠੇ ਸਲਾਹ ਮਸ਼ਵਰਾ ਕਰ ਰਹੇ ਸਨ। ਸਾਰਿਆਂ ਨੇ ਰਲ-ਮਿਲ ਆਖ਼ਰੀ ਰਸਮਾਂ ਦੀ ਰੂਪ ਰੇਖਾ ਤਹਿ ਕਰ ਲਈ। ਜਦੋਂ ਇਹ ਉਹਨਾਂ ਦੇ ਬੱਚਿਆਂ ਨਾਲ ਸਾਂਝੀ ਕੀਤੀ ਤਾਂ ਉਹਨਾਂ ਦਾ ਬੇਟਾ ਤਖ਼ਤ ਸਿੰਘ, ਜੋ ਕਿ ਇੱਥੋਂ ਦਾ ਜੰਮਪਲ ਹੈ ਕਹਿੰਦਾ, ਨਹੀਂ ! ਇਹ ਸਾਨੂੰ ਮਨਜ਼ੂਰ ਨਹੀਂ। ਅਸੀਂ ਠਠੰਬਰ ਗਏ ਕਿ ਕਿਹੜੀ ਗੁਸਤਾਖ਼ੀ ਹੋ ਗਈ। ਸਾਡੇ ਕੋਲੋਂ। ਕਹਿੰਦੇ ਮੇਰੇ ਡੈਡੀ ਦੀ ਨਿੱਜਤਾ ਦਾ ਸਵਾਲ ਹੈ। ਉਹਨਾਂ ਨੂੰ ਅਖੀਰੀ ਇਸ਼ਨਾਨ ਦਾ ਹੱਕ ਸਿਰਫ਼ ਸਾਡੇ ਕੋਲ ਆ। ਉਹ ਬੱਚਾ ਅੱਖਾਂ ਲਾਲ ਕਰ ਕੇ ਸਾਨੂੰ ਸਵਾਲ ਕਰ ਰਿਹਾ ਸੀ ਕਿ ਜੇ ਮੇਰੇ ਡੈਡੀ ਜਿਉਂਦੇ ਹੁੰਦੇ ਉਹ ਏਦਾਂ ਇਕ ਭੀੜ ਕੋਲੋਂ ਨਹਾਉਣਾ ਚਾਹੁੰਦੇ ? ਭਾਵੇਂ ਸਾਡੇ ਲਈ ਇਹ ਗੱਲ ਮੁੱਢੋਂ ਨਵੀਂ ਸੀ ਅਸੀਂ ਕਦੇ ਇਸ ਪੱਖ ਤੋਂ ਦੇਖਿਆ ਸੋਚਿਆ ਹੀ ਨਹੀਂ ਸੀ। ਪਰ ਗੱਲ ਬਹੁਤ ਪਤੇ ਦੀ ਅਤੇ ਵਜ਼ਨਦਾਰ ਸੀ। ਸੋ ਅਸੀਂ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਅਤੇ ਪਰਵਾਰਿਕ ਨਿੱਜਤਾ ਨੂੰ ਕਾਇਮ ਰੱਖਿਆ। ਉਪਰੋਕਤ ਦੋ ਦਲੀਲਾਂ ਸ਼ਾਇਦ ਬਹੁਤ ਹਨ ਮੇਰੀ ਗੱਲ ਰਾਹ ਪਾਉਣ ਲਈ। ਸੋ ਦੋਸਤੋ ਹੁਣ ਜਦੋਂ ਵੀ ਸੋਸ਼ਲ ਮੀਡੀਆ ਤੇ ਇਸ ਤਰ੍ਹਾਂ ਮਿਰਤਕ ਦੇਹਾਂ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਦਿਲ ਅੰਦਰ ਧੂਹ ਪੈਂਦੀ ਹੈ ਕਿ ਕਦੋਂ ਸਾਡੀ ਸਮਝ ਡੋਰਸਾ ਅਤੇ ਤਖ਼ਤ ਵਰਗੀ ਹੋਵੇਗੀ ?

ਵੱਡੀ ਗੱਲ ਤਾਂ ਇਹ ਹੈ ਕਿ ਜੋ ਆਖ਼ਰੀ ਫ਼ੋਟੋ ਬੰਦਾ ਦੇਖ ਲੈਂਦਾ, ਤਾਅ ਉਮਰ ਉਹੀ ਜ਼ਿਹਨ ਚ ਘੁੰਮਦੀ ਰਹਿੰਦੀ ਹੈ। ਉੱਘੇ ਕਲਾਕਾਰ ਜਸਪਾਲ ਭੱਟੀ ਹੋਰਾਂ ਨਾਲ ਮੈਂ ਉਹਨਾਂ ਦੀ ਮੌਤ ਤੋਂ ਕੁਝ ਕੁ ਘੰਟੇ ਪਹਿਲਾਂ ਰੇਡੀਓ ਤੇ ਇਕ ਮੁਲਾਕਾਤ ਕੀਤੀ ਸੀ। ਬਹੁਤ ਖ਼ੂਬਸੂਰਤ ਯਾਦਾਂ ਸਨ ਦਿਮਾਗ਼ ਚ। ਪਰ ਜਦੋਂ ਉਹਨਾਂ ਦਾ ਐਕਸੀਡੈਂਟ ਹੋਇਆ ਤਾਂ ਕਿਸੇ ਨੇ ਉਹਨਾਂ ਦੀ ਮਿਰਤਕ ਦੇਹ ਦੀਆਂ ਤਸਵੀਰਾਂ ਹਸਪਤਾਲ ਦੇ ਇਕ ਸਟਰੈਚਰ ਤੇ ਬਹੁਤ ਹੀ ਬੁਰੀ ਹਾਲਤ ਚ ਸੋਸ਼ਲ ਮੀਡੀਆ ਤੇ ਪਾ ਦਿੱਤੀਆਂ ਤੇ ਉਸ ਤੋਂ ਬਾਅਦ ਅੱਜ ਤੱਕ ਮੈਨੂੰ ਮੇਰੀਆਂ ਯਾਦਾਂ ਚ ਕਦੇ ਉਹ ਮੁਸਕਰਾਉਂਦਾ ਜਸਪਾਲ ਭੱਟੀ ਨਹੀਂ ਦਿਸਿਆ। ਕਹਿੰਦੇ ਆ ਰਾਜੇਸ਼ ਖੰਨਾ ਨੇ ਆਪਣੀ ਬਿਮਾਰੀ ਦੀ ਹਾਲਤ ਚ ਆਪਣੇ ਆਪ ਨੂੰ ਅੰਦਰ ਤਾੜ ਲਿਆ ਸੀ ਕਿਉਂਕਿ ਉਹ ਚਾਹੁੰਦਾ ਸੀ ਉਸ ਦੀ ਸੁਪਰ ਸਟਾਰ ਦੀ ਸ਼ਾਖ਼ ਉਸ ਦੇ ਚਾਹੁਣ ਵਾਲਿਆਂ ਚ ਬਣੀ ਰਹੇ। ਨਾ ਕਿ ਲੋਕ ਉਸ ਦੀਆਂ ਬੁਰੀ ਹਾਲਤ ਤਸਵੀਰਾਂ ਦੇਖਣ ਤੇ ਉਸੇ ਰਾਜੇਸ਼ ਖੰਨੇ ਨੂੰ ਰਹਿੰਦੀ ਉਮਰ ਯਾਦ ਕਰਨ।

ਹਰ ਮੁਲਕ ਨੇ ਆਪਣੇ-ਆਪਣੇ ਢੰਗ ਨਾਲ ਇਸ ਮਸਲੇ ਤੇ ਕਾਨੂੰਨ ਵੀ ਬਣਾਏ ਹੋਏ ਹਨ। ਪਰ ਅਫ਼ਸੋਸ ਬਹੁਤ ਘੱਟ ਲੋਕ ਜਾਣਦੇ ਹਨ ਅਤੇ ਇਹਨਾਂ ਦੀ ਵਰਤੋਂ ਕਰਦੇ ਹਨ। ਕਾਨੂੰਨ ਵਰਤੋਗੇ ਵੀ ਕੀਹਦੇ ਉੱਤੇ ? ਕਿਉਂਕਿ ਅਸੀਂ ਤਾਂ ਆਪ ਹੀ ਆਪਣਿਆਂ ਦੀਆਂ ਹੀ ਮਿਰਤਕ ਦੇਹਾਂ ਦੀਆਂ ਤਸਵੀਰਾਂ ਜਨਤਕ ਸਾਂਝੀਆ ਕਰਦੇ ਹਾਂ। ਹਾਂ ਇਕ ਕਾਨੂੰਨ ਅਕਾਲ ਪੁਰਖ ਦੀ ਰਜ਼ਾ ਚ ਦੁਨਿਆਵੀ ਵੀ ਹੈ ਜਿਸ ਚ ਕਿਸੇ ਦੀ ਮਿੱਟੀ ਨੂੰ ਸਾਂਭਣਾ ਵੀ ਇਕ ਵੱਡਾ ਪੁੰਨ ਦੱਸਿਆ ਗਿਆ ਹੈ।

ਕਿਸੇ ਵੀ ਮਿਰਤਕ ਦੇਹ ਦੀ ਤਸਵੀਰ ਜਨਤਕ ਕਰਨ ਤੋਂ ਪਹਿਲਾਂ ਐਨਾ ਕੁ ਸੋਚ ਲਿਆ ਕਰੋ ਕਿ ਤੁਸੀਂ ਆਪ ਦਸ-ਦਸ ਤਸਵੀਰਾਂ ਚੋਂ ਫ਼ਿਲਟਰ ਲਾ-ਲਾ ਕੇ ਸੋਸ਼ਲ ਮੀਡੀਆ ਤੇ ਇਕ ਤਸਵੀਰ ਪਾਉਂਦੇ ਹੋ ਤੇ ਕੀ ਤੁਸੀਂ ਚਾਹੋਗੇ ਕਿ ਕੋਈ ਤੁਹਾਡੀ ਬੇ-ਸੂਰਤ ਤਸਵੀਰ ਕੋਈ ਜਨਤਕ ਕਰੇ ? ਮੈਂ ਤਾਂ ਕਦੇ ਵੀ ਨਹੀਂ ਚਾਹਾਂਗਾ ਕੋਈ ਮੇਰੀ ਨੱਕ ਚ ਫੰਭੇ ਪਾਈ ਤਸਵੀਰ ਖਿੱਚੇ ਤੇ ਜਨਤਕ ਕਰੇ। ਸੋ ਇਸੇ ਲਈ ਬੇਨਤੀ ਕਰਦੇ ਹਾਂ ਕਿ ਜੇਕਰ ਕਿਸੇ ਇਨਸਾਨ ਨੂੰ ਤੁਸੀਂ ਸੱਚੀਂ ਦਿਲੋਂ ਚਾਹੁੰਦੇ ਸੀ ਤਾਂ ਉਸ ਦੀ ਨਿੱਜਤਾ ਨੂੰ ਧਿਆਨ ਰੱਖਦੇ ਉਸ ਦੀ ਮਿਰਤਕ ਦੇਹ ਦੀਆਂ ਤਸਵੀਰਾਂ ਨਾਲੋਂ ਉਸ ਦੇ ਚੰਗੇ ਸਮੇਂ ਦੀ ਤਸਵੀਰ ਨੂੰ ਜਨਤਕ ਕਰ ਕੇ ਆਪਣੀ ਹਮਦਰਦੀ ਜ਼ਾਹਿਰ ਕਰ ਲਿਆ ਕਰੋ।

ਹੋ ਸਕਦਾ ਮੈਂ ਗ਼ਲਤ ਹੋਵਾਂ ! ਪਰ ਅੱਜ ਦੇ ਯੁੱਗ ਚ ਹਰ ਬੰਦੇ ਕੋਲ ਆਪਣੇ ਵਿਚਾਰ ਰੱਖਣ ਦੇ ਹੱਕ ਅਤੇ ਸਾਧਨ ਹਨ ਸੋ ਉਮੀਦ ਹੈ ਇਸ ਵਿਸ਼ੇ ਤੇ ਉਸਾਰੂ ਚਰਚਾ ਜਾਰੀ ਰੱਖੋਗੇ।

# ਆਸਟਰੇਲੀਆ ਨੂੰ ਆਸਟਰੇਲੀਆ ਬਣਾ ਕੇ ਹੀ ਰੱਖੀਏ



ਤਰਨਦੀਪ ਬਿਲਾਸਪੁਰ

ਆਸਟ੍ਰੇਲੀਆ ਆਪਣੇ ਆਪ ਨੂੰ multicultural nation ਵਜੋਂ ਪੇਸ਼ ਕਰਦਾ ਹੈ, ਪਰ 31 ਅਗਸਤ 2025 ਵਾਲੀਆਂ anti-migrant ਰੈਲੀਆਂ ਇਸ ਦਾਅਵੇ ’ਤੇ ਵੱਡਾ ਸਵਾਲ ਤਾਂ ਖੜਾ ਕਰ ਹੀ ਰਹੇ ਹਨ ? March for Australia ਦੇ ਨਾਂ ’ਤੇ ਚੱਲ ਰਹੀ ਇਹ ਮੁਹਿੰਮ ਨਾਲ ਜੁੜੇ ਲੋਕ ਆਪਣੇ ਆਪ ਤੇ ਇਸ ਮੁਹਿੰਮ ਨੂੰ ਸ਼ਾਂਤਮਈ ਦੱਸ ਰਹੇ ਹਨ ।

ਪਰ ਅਸਲ ਵਿੱਚ ਇਸਦੇ ਪਿੱਛੇ ਖੜਾ ਨਸਲੀ ਅਜੰਡਾ ਤੇ ਕਟੜਪੰਥੀ ਸੋਚ ਲੁਕਿਆ ਨਹੀਂ ਲੁਕਦੀ !

ਵੱਡੇ ਪੱਧਰ ਤੇ immigration ਨੀਤੀਆਂ ਖ਼ਤਮ ਕਰਨ ਦੀ ਮੰਗ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਜਿਹੜੇ ਲੋਕ ਸਭ ਤੋਂ ਪਹਿਲਾਂ ਇੱਥੇ ਆਏ ਸਨ, ਉਹ ਆਪ ਵੀ ਪ੍ਰਵਾਸੀ ਸਨ ਤੇ ਬਹੁਤੇ ਧੱਕੇ ਨਾਲ ਆਏ ਤੇ ਭੇਜੇ ਗਏ ਸਨ । ਜੇ ਇਸ ਗੱਲ ਵੱਲ ਨਾ ਵੀ ਤੁਰਿਆ ਜਾਵੇ ਤਾਂ ਉਹਨਾਂ ਦੀ ਆਮਦ ਨੇ ਮੁਲਕ ਦੇ real natives—ਜਾਣੀ ਆਸਟ੍ਰੇਲੀਆ ਦੇ First Nations ਲੋਕਾਂ—ਨੂੰ ਆਪਣੇ ਹੀ ਦੇਸ਼ ਵਿੱਚ ਹਾਸ਼ਿਏ ’ਤੇ ਕਿਵੇਂ ਧੱਕਿਆ ਕੀ ਰੈਲੀ ਕਰਦੇ ਸਮੇਂ ਇਸ ਸੁਆਲ ਦਾ ਜੁਆਬ ਉਹ ਨਾਲ ਲੈ ਕੇ ਤੁਰਨਗੇ ?

ਇਸ ਸਮੇਂ ਸਰਕਾਰ ਨੇ ਵੀ migration ’ਤੇ ਦਿਮਾਗੀ ਕਸਰਤ ਦੀ ਸਥਿਤੀ ਚੋਂ ਲੰਘ ਰਹੀ ਹੈ । 2024-25 ਲਈ permanent migration ceiling 1,85,000 ਰੱਖਿਆ ਗਿਆ ਹੈ, ਜਿਸ ਵਿੱਚ ਅਗਲੇ ਸਾਲ ਉਹ 25000 ਹੋਰ ਦਾ ਵਾਧਾ ਕਰ ਰਹੇ ਹਨ , ਇਹਨਾਂ ਦੀ ਬਹੁਗਿਣਤੀ skilled workers ਲਈ ਹੈ। ਦੂਸਰੇ ਪਾਸੇ student visa ਫ਼ੀਸ ਕਾਫੀ ਵਧਾਈ ਗਈ ਹੈ ਅਤੇ ਨਵੇਂ ਸਖਤ ਨਿਯਮ ਲਾਗੂ ਕਰਕੇ ਇਹਨਾਂ ਸੂਈ ਦਾ ਨੱਕਾ ਪਹਿਲਾ ਹੀ ਤਿਆਰ ਕਰ ਦਿੱਤਾ ਹੈ ।



ਇਹਨਾਂ ਹਾਲਾਤਾਂ ਮੁਲਕ ਦੀ ਆਰਥਿਕ ਅਸਿਥਤਾ , ਆਮ ਲੋਕਾਂ ਤੇ ਵੱਧਦੀ ਮੰਹਿਗਾਈ ਦੇ ਬੋਝ ਨੇ extremist groups ਨੂੰ ਮੌਕਾ ਦਿੱਤਾ ਹੈ ਕਿ ਉਹ ਲੋਕਾਂ ਦੇ ਅੰਦਰਲੇ ਡਰ ਨੂੰ ਹਵਾ ਦੇ ਸਕਣ ।Australian flags ਨਾਲ Eureka flag ਲਹਿਰਾਉਣਾ ਅਤੇ ਵਿਦੇਸ਼ੀ ਝੰਡਿਆਂ ’ਤੇ ਪਾਬੰਦੀ ਲਗਾਉਣ ਦੀਆਂ ਗੱਲਾਂ ਸਿਰਫ਼ symbolic politics ਹਨ—ਇਹ ਏਕਤਾ ਨਹੀਂ, ਵੰਡ ਦਾ ਨਵਾਂ ਪੈਦਾ ਰੂਪ ਹਨ ।

ਸਭ ਤੋਂ ਉੱਚੀ ਆਵਾਜ਼ ਵਾਲੇ ਬਾਈ ਜੀ ਜੋ Independent MP ਨੇ Bob Katter ਦੀ ਗੱਲ ਕਰਦੇ ਹੈ, ਜੋ ਖੁੱਲ੍ਹੇ ਤੌਰ ’ਤੇ ਇਹਨਾਂ ਰੈਲੀਆਂ ਦਾ ਸਮਰਥਨ ਕਰ ਰਹੇ ਹਨ । ਉਹਨਾਂ ਇਕ ਪੱਤਰਕਾਰ ਨਾਲ ਗੁੱਸੇ ਵਿੱਚ ਆਪਣੀ Lebanese heritage ਦਾ ਜ਼ਿਕਰ ਹੋਣ ’ਤੇ ਇੱਕ ਆਸਟਰੇਲੀਆ ਦੇ ਆਸਟਰੇਲੀਆ ਹੋਣ ਦੀ ਗੱਲ ਕਰਦਾ ਜੁਆਬ ਦਿੱਤਾ ਕਿ ਉਸਦਾ ਪਰਿਵਾਰ 140 ਸਾਲ ਤੋਂ ਆਸਟ੍ਰੇਲੀਆ ਵਿੱਚ ਹੈ ਅਤੇ ਹੁਣ ਉਹ ਇਸ anti-migrant movement ਦੇ ਪਿੱਛੇ ਪੂਰੀ ਤਾਕਤ ਨਾਲ ਖੜ੍ਹਾ ਹੈ। ਉਸਦੇ ਬਿਆਨਾਂ ਵਿੱਚ ਜੋ aggression ਹੈ, ਉਹ ਦਰਸਾਉਂਦਾ ਹੈ ਕਿ ਕਿਵੇਂ ਕੁਝ ਨੇਤਾ ਲੋਕਾਂ ਦੇ ਗੁੱਸੇ ਨੂੰ fuel ਕਰਕੇ ਆਪਣੀ ਰਾਜਨੀਤੀ ਚਲਾ ਰਹੇ ਹਨ ਜਾਂ ਉਸਨੂੰ ਲੰਬੇ ਸਮੇਂ ਲਈ ਚਲਾਉਣਾ ਚਾਹੁੰਦੇ ਹਨ ।

ਪਰ ਅਸਲ ਸੱਚਾਈ ਇਹ ਹੈ ਕਿ immigration ਆਸਟ੍ਰੇਲੀਆ ਦੀ ਰਗਾਂ ਵਿੱਚ ਖ਼ੂਨ ਵਾਂਗ ਦੌੜਦੀ ਹੈ । migrants hospitals ਵਿੱਚ doctors ਅਤੇ nurses ਬਣ ਕੇ ਜ਼ਿੰਦਗੀਆਂ ਬਚਾਉਂਦੇ ਹਨ, construction ਤੇ engineering ਵਿੱਚ ਭਰਿਆ ਪਿਆ ਖਾਲੀਪਣ ਪੂਰਦੇ ਹਨ, agriculture ਤੇ IT ਵਿੱਚ ਨਵੀਂ energy ਲਿਆਉਂਦੇ ਹਨ। ਇਟਲੀ ਅਤੇ ਗ੍ਰੀਸ ਤੋਂ ਆਏ ਪਰਵਾਸੀਆਂ ਨੇ war ਦੇ ਬਾਅਦ business ਖੜ੍ਹੇ ਕੀਤੇ, ਵੀਅਤਨਾਮੀ ਤੇ ਦੱਖਣੀ ਏਸ਼ੀਆਈ community ਨੇ ਸ਼ਹਿਰਾਂ ਨੂੰ multicultural ਰੌਣਕ ਦਿੱਤੀ, ਤੇ ਪਿਛਲੇ ਦੋ ਦਹਾਕਿਆਂ India ਅਤੇ China ਤੋਂ ਆ ਰਹੇ skilled migrants technology ਤੇ education ਵਿੱਚ ਆਸਟ੍ਰੇਲੀਆ ਨੂੰ global map ’ਤੇ ਖੜ੍ਹਾ ਕਰ ਰਹੇ ਹਨ ।

ਸਾਡੇ ਪੰਜਾਬੀਆਂ ਕੋਲ ਸਾਡੇ ਹਾਕਰ ਬਜੁਰਗਾਂ ਦੀਆਂ 130-140 ਸਾਲ ਪੁਰਾਣੀਆਂ ਤਸਵੀਰਾਂ ਅਜੇ ਵੀ ਸਾਂਭੀਆਂ ਪਈਆਂ ਹਨ , ਜਦੋਂ ਉਹ ਪਿੰਡਾਂ ਵੱਲ ਸੜਕਾਂ ਦੀ ਅਣਹੋਂਦ ਤੋਂ ਬਿਨਾਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਸ਼ਹਿਰ ਤੋਂ ਸਮਾਨ ਲੈ ਕੇ ਜਾਂਦੇ ਸਨ ।

ਕਹਾਣੀਆਂ ਦੱਸਦੀਆ ਹਨ ਕਿ ਉਹਨਾਂ ਨੂੰ ਲੋਕ ਦੇਵਤਿਆਂ ਵਾਂਗ ਸਤਿਕਾਰ ਦਿੰਦੇ ਸਨ ।

ਸਰਕਾਰ ਦੇ ਕਈ ਮੰਤਰੀਆਂ ਨੇ ਵੀ ਭਾਵੇਂ ਸਾਫ਼ ਕਿਹਾ ਹੈ ਕਿ ਇਹ ਰੈਲੀਆਂ modern Australia ਵਿੱਚ ਕੋਈ ਥਾਂ ਨਹੀਂ ਰੱਖਦੀਆਂ। ਉਨ੍ਹਾਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਜਿਹੜੇ ਤੱਤ society ਦੀ social cohesion ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਆਸਟ੍ਰੇਲੀਆ ਦੇ ਭਵਿੱਖ ਲਈ ਖ਼ਤਰਾ ਹਨ।

ਅਸਲ ਸਵਾਲ ਇਹ ਨਹੀਂ ਕਿ migrants ਸਮੱਸਿਆ ਹਨ ਕਿ ਨਹੀਂ—ਅਸਲ ਸਵਾਲ ਇਹ ਹੈ ਕਿ ਕੀ ਆਸਟ੍ਰੇਲੀਆ ਆਪਣੇ ਹੀ ਇਤਿਹਾਸ ਨੂੰ ਭੁੱਲੇਗਾ ?

ਇਹ ਦੇਸ਼ migrants ਨਾਲ ਬਣਿਆ ਹੈ, ਅਤੇ ਹਰ ਨਵੀਂ ਲਹਿਰ ਨੇ ਇਸਨੂੰ ਪਹਿਲਾ ਨਾਲੋਂ ਹੋਰ ਮਜ਼ਬੂਤ ਕੀਤਾ ਹੈ ।

ਜੋ March for Australia patriotism ਦਾ ਨਾਅਰਾ ਲਾਉਂਦੇ ਹਨ , ਉਸਦਾ ਕੇਂਦਰ ਸਿਰਫ਼ fear ਹੈ ।

ਜੇ ਆਸਟ੍ਰੇਲੀਆ immigration ਤੋਂ ਡਰੇਗੀ ਤਾਂ ਯਕੀਨਨ ਇਹ ਆਪਣੀ ਤਾਕਤ ਖੋ ਬੈਠਣਗੇ , ਕਿਉਂਕਿ ਇਹ “lucky country” migrants ਦੇ ਕਾਰਨ ਹੀ lucky ਹੈ ।ਅੱਜ ਇਸ ਮੁਲਕ ਦੇ ਬੂਹੇ ਬੰਦ ਹੋ ਜਾਣ ਦੋ ਸਾਲ ਵਿੱਚ ਤੁਸੀਂ ਨਤੀਜੇ ਦੇਖ ਲਵੋਗੇ । ਕੋਵਿਡ ਦਰਮਿਆਨ ਅਸੀਂ ਸਭ ਇਹ ਦੇਖ ਵੀ ਚੁੱਕੇ ਹਾਂ ।

ਆਓ ਆਸਟਰੇਲੀਆ ਨੂੰ ਆਸਟਰੇਲੀਆ ਬਣਾ ਕੇ ਰੱਖੀਏ । ਧਰਤੀ ਧਰਤੀ ਹੁੰਦੀ ਹੈ ਤੇ ਉਸ ਉੱਪਰ ਵੱਸਦੇ ਲੋਕ , ਉਹਨਾਂ ਦਾ ਗਿਆਨ , ਰਹਿਣ ਸਹਿਣ , ਉਹਨਾਂ ਦਾ ਸੱਭਿਆਚਾਰ , ਉਹਨਾਂ ਦੇ ਮਨੁੱਖ ਬਣੇ ਰਹਿਣ ਦੀਆਂ ਮਾਨਤਾਵਾਂ ਉਸ ਧਰਤੀ ਦਾ ਸ਼ਰਮਾਇਆ ਹੁੰਦੀਆਂ ਹਨ । ਹੁਣ ਤੱਕ ਇਹੀ ਸ਼ਰਮਾਇਆ ਆਸਟਰੇਲੀਆ ਦਾ ਮਾਣ ਬਣਿਆ ਰਿਹਾ ਹੈ ਯਕੀਨਨ ਅੱਗੇ ਵੀ ਰਹੇਗਾ ।

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਕਨੇਡਾ ਵਿਜ਼ਟਰ ਵੀਜ਼ੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੇ ਪੇਂਡੂ ਅਤੇ ਸ਼ਹਿਰੀ ਜਾਇਦਾਦ ਦੇ ਮਾਲਕ, ਲੜਕੇ ਜਨਮ 1993,ਕੱਦ 6 ਫੁੱਟ 2 ਇੰਚ, ਐਡਮਿੰਟਨ ਵਿਖੇ ਪਾਵਰ ਇੰਜੀਨੀਅਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 780 938 3520,1587 982 7034 ਜਾਂ ਵਟਸਐਪ : 011 91 8728805202 ***276***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1992, ਕੱਦ 5 ਫੁੱਟ 3 ਇੰਚ, ਬੀਏ ਪੜ੍ਹੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜ਼ਟਿਰ ਵੀਜ਼ਾ, ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 825 333 6923 ਜਾਂ ਵਟਸਐਪ ਕਾਲ: 91-99150 98334 ***279***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 236 458 2228, E Mail: kimgillcanada@gmail.com ***279***

### ਲੜਕੀ ਦੀ ਲੋੜ
ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ
Hindu Punjabi khatri boy Jan 1985 born, height 5.7 living in Vancouver upper middle class family, B. Tech/MBA, now self employed in logistics, Canadian citizen looking for a beautiful, educated girl within Canada. Tourist, work permit, PR or citizen. +13065026789 ***279***

### ਲੜਕੀ ਦੀ ਲੋੜ
Ramgarhia parents seeking a girl for their Canadian born and raised 26 years old son who is professionally qualified and working as an engineer for a reputable company. He is non drinker and 6' 2" tall. Girl must be Canadian born and raised and professionally qualified. Cast no bar. May consider citizen or PR. Contact: 1587-783-2518, 1 780-554-3591,
E Mail: gagan_8.4@hotmail.com ***279***

### ਲੜਕੀ/ਲੜਕੇ ਦੀ ਲੋੜ
ਕੈਨੇਡਾ ਵਿਜ਼ਟਰ ਵੀਜ਼ੇ ਉੱਪਰ ਆਏ ਜੱਟ ਸਿੱਖ ਹੰਸਰਾ ਪਰਿਵਾਰ ਦੇ ਲੜਕੇ ਉਮਰ 26 ਸਾਲ ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ:+12, ਮੈਡੀਕਲ ਕੰਪਿਊਟਰ ਐਪਲੀਕੇਸ਼ਨ ਕੋਰਸ, ਆਫਿਸ ਐਡਮਨਿਸਟਰੇਸ਼ਨ-ਐਗਜੈਕਟਿਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਉਮਰ 28 ਸਾਲ, ਕੱਦ 5 ਫੁੱਟ 2 ਇੰਚ,ਜੋ ਕਨੇਡੀਅਨ ਪੀ ਆਰ ਹੈ,ਲਈ ਵੀ ਕਨੇਡਾ ਤੋਂ ਪੜ੍ਹੇਲਿਖੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 923 3560 ਜਾਂ 1 204 512 3333 ***278***

### ਲੜਕੀ ਦੀ ਲੋੜ
A handsome boy born in 1989, height 5 feet 11 inches, Bachelor of Science from the University of Toronto• Master of Science in Epidemiology and Biostatistics from the University of Western Ontario Profession: Sales Manager and Real Estate Agent Currently living in Calgary, Canada from a Jat Sikh family, needs a bride girl with good marital status. Contact: 1 416 709 4900, 1 647 740 9825 ***278***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 ******

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 36 ਸਾਲ, 5 ਫੁੱਟ 11 ਇੰਚ,ਕੈਮਿਕਲ ਇੰਜੀਨੀਅਰ,ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਕੈਨੇਡੀਅਨ ਜੰਮਪਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ : 1 403 399 2690 ***278***

### ਲੜਕੀ ਦੀ ਲੋੜ
ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 25,ਕੱਦ 6 ਫੁੱਟ ਵਿਦਿਅਕ ਯੋਗਤਾ ਪਲੱਸ 2 ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾ ਸਿਟਿਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

### ਲੜਕੀ ਦੀ ਲੋੜ
ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਦੇਸ਼ਾ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

### ਲੜਕੇ ਦੀ ਲੋੜ
ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਨਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਿਰ ਵੀਜ਼ਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

### ਲੜਕੀ ਦੀ ਲੋੜ
Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ 'ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

### ਲੜਕੇ ਦੀ ਲੋੜ
ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ......

### ਲੜਕੀ ਦੀ ਲੋੜ
ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ
ਕਨੇਡੀਅਨ ਬੋਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜ਼ਨਿਸ ਐਡਮਨਿਸਟ੍ਰੇਸ਼ਨ ਬੈਚੁਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜ਼ਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ
ਕਨੇਡੀਅਨ ਬੋਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 ******

### ਲੜਕੇ ਦੀ ਲੋੜ
ਜੱਟ ਸਿੱਖ, ਬੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਮੁੱਖ ਮੰਤਰੀ ਵੱਲੋਂ ਕਿਸ਼ਤੀ ਰਾਹੀਂ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

ਅੰਮ੍ਰਿਤਸਰ (ਪੰਜਾਬੀ ਅਖ਼ਬਾਰ ਬਿਊਰੋ)-ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੂਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ।ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਸਵਾਰ ਹੋ ਕੇ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਈ ਆਫ਼ਤ ਰਾਹਤ ਫੰਡ (ਐਸ.ਡੀ.ਆਰ.ਐਫ.) ਵਿੱਚ ਕਾਫ਼ੀ ਫੰਡ ਮੌਜੂਦ ਹਨ ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਲਈ ਨਾਕਾਫ਼ੀ ਹਨ।ਉਨ੍ਹਾਂ ਕਿਹਾ ਕਿ ਨੋਟੀਫਾਇਡ ਸ਼ਰਤਾਂ ਕਿਸਾਨਾਂ ਦੇ ਅਸਲ ਨੁਕਸਾਨ ਦੇ ਮੁਕਾਬਲੇ ਪ੍ਰਸੰਗਿਕ ਨਹੀਂ ਹਨ।


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000


### ਲੜਕੀ ਦੀ ਲੋੜ
ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000


## ਬੰਬੂ ਵਰਲਡ ਫਰਨੀਚਰ
ਕੈਲਗਰੀ ਵਿੱਚ ਪਹਿਲੀ ਵਾਰ ਇੰਡੀਆ ਤੋਂ ਬੈਂਤ ਦਾ ਬਣਿਆ ਫਰਨੀਚਰ
ਜੇ ਤੁਸੀਂ ਵਧੀਆ ਅਤੇ ਮਜਬੂਤ ਪੇਟੀ-ਕੁਰਸੀਆਂ,ਟੇਬਲ ਖਰੀਦਣਾਂ ਚਾਹੁੰਦੇ ਹੋ, ਤਾਂ ਬੈਂਤ ਦੀਆਂ ਹੱਥਾਂ ਨਾਲ ਤਿਆਰ ਕੀਤੀਆਂ,ਬਰੇਲੀ ਦੀਆਂ ਬਣੀਆਂ ਕੁਰਸੀਆਂ ਟੇਬਲ ਸਾਡੇ ਕੋਲੋਂ ਖਰੀਦ ਸਕਦੇ ਹੋ। ਇਹ ਕੁਰਸੀਆਂ ਅਤੇ ਟੇਬਲ ਸਾਰੀ ਜ਼ਿੰਦਗੀ ਖਰਾਬ ਨਹੀਂ ਹੋਣਗੀਆਂ।
ਫੋਨ : 587 439 4305 ਜਾਂ 587 718 7574


### ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸ਼ਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202

### Need Office Administrator
We need Office administrator person for our Calgary Office. who speaks good English, must have driver license, good wages,we will give training also!
Contact : Kam Khamba
@403-975-0128

## ਵਿੱਤ ਮੰਤਰੀ ਚੀਮਾ ਦਾ ਕੇਂਦਰ 'ਤੇ ਇਲਜ਼ਾਮ ; ਪੰਜਾਬ ਨਾਲ ਅਜਿਹੇ ਹਾਲਾਤਾਂ 'ਚ ਵੀ ਹੋ ਰਿਹਾ ਵਿਤਕਰਾ

ਅੰਮ੍ਰਿਤਸਰ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ ਪੰਜਾਬ ਦੇ ਮੁੱਖ ਮੰਤਰੀ ਸਣੇ ਕੈਬਨਿਟ ਮੰਤਰੀਆਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਜਾ ਰਿਹਾ ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭੋਆ ਵਿਧਾਨ ਸਭਾ ਹਲਕੇ ਦੇ ਕਥਲੌਰ ਵਿਖੇ ਰਾਵੀ ਦਰਿਆ ਦੇ ਨੇੜਲੇ ਖੇਤਰਾਂ ਦਾ ਦੌਰਾ ਕੀਤਾ। ਮੰਤਰੀ ਚੀਮਾ ਨੇ ਕੇਂਦਰ ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ 'ਤੇ ਹੜ੍ਹਾਂ ਦੀ ਬਿਪਤਾ ਆਣ ਪਈ ਹੈ ਪਰ ਦੇਸ਼ ਦੀ ਕੇਂਦਰ ਸਰਕਾਰ ਸੁੱਤੀ ਪਈ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰ ਦੇ ਸਾਰੇ ਮੰਤਰੀ ਚੁੱਪ ਵੱਟੀ ਬੈਠੇ ਹਨ।ਉਨ੍ਹਾਂ ਕਿਹਾ ਕਿ ਅਜੇ ਕੁੱਝ ਸਮੇਂ ਪਹਿਲਾਂ ਹੀ ਆਪਰੇਸ਼ਨ ਸਿੰਧੂਰ ਸਮੇਂ ਪਾਕਿਸਤਾਨ ਦੇ ਨਾਲ ਜੰਗ ਵੇਲੇ ਸਭ ਤੋਂ ਵੱਧ ਨੁਕਸਾਨ ਇਸੇ ਸਰਹੱਦੀ ਖੇਤਰ ਦਾ ਹੋਇਆ ਤੇ ਹੁਣ ਵੀ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਇਹ ਖੇਤਰ ਹੋ ਰਿਹਾ ਹੈ। ਇਸ ਕਰਕੇ ਪੰਜਾਬ ਨੂੰ ਤਾਂ ਦੋਹਰੀ ਮਾਰ ਪਈ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਚੁੱਪ ਹਨ।
ਉਨ੍ਹਾਂ ਮੰਗ ਕੀਤੀ ਕਿ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਸੀ ਕਿ ਪੰਜਾਬ ਦੇ 60 ਹਜ਼ਾਰ ਕਰੋੜ ਰੁਪਏ ਕੇਂਦਰ ਵੱਲ ਬਕਾਇਆ ਪਏ ਹਨ, ਜੇ ਹੋਰ ਪੈਸੇ ਨਹੀਂ ਦੇਣੇ ਤਾਂ ਘੱਟੋ ਘੱਟ ਸਾਡੀ ਬਕਾਇਆ ਰਾਸ਼ੀ ਦੇ ਦੇਵੋ। ਦੁੱਖ ਦੀ ਇਸ ਘੜੀ ਵਿੱਚ ਚਾਰ ਸ਼ਬਦ ਤਾਂ ਕੀ ਬੋਲਣੇ ਸੀ ਸਗੋਂ ਸਾਡੇ ਪੈਸੇ ਵੀ ਨਹੀਂ ਦਿੱਤੇ ਜਾ ਰਹੇ।ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨਾਲ ਟੈਲੀਫੋਨ 'ਤੇ ਗੱਲਬਾਤ ਬਾਰੇ ਵਿੱਤ ਮੰਤਰੀ ਦਾ ਕਹਿਣਾ ਕਿ ਗੱਲਬਾਤ ਜ਼ਰੂਰ ਹੋਈ ਪਰ ਰਾਹਤ ਦਾ ਕੋਈ ਪੈਕੇਜ ਨਹੀਂ ਐਲਾਨਿਆ ਅਤੇ ਨਾ ਹੀ ਕੋਈ ਧੇਲਾ ਪੰਜਾਬ ਨੂੰ ਦਿੱਤਾ ਗਿਆ।


## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263



Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds




Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.




# ਚੰਬੇ ਦੀਏ ਬੰਦ ਕਲੀਏ-3

**-ਵਾਰਿਸ ਲੁਧਿਆਣਵੀ**




30 ਅਪ੍ਰੈਲ 1971 ਨੂੰ ਰੀਲੀਜ਼ ਹੋਈ ਮੂਵੀ ਫ਼ਿਲਮਜ਼ ਕੰਪਨੀ ਦੀ ਫਿਲਮ ਰੱਬ ਰਾਖਾ ਵਿੱਚੋਂ ਬਾਬਾ ਗੁਲਾਮ ਅਹਿਮਦ ਚਿਸ਼ਤੀ ਦਾ ਸੰਗੀਤ ਨੂਰਜਹਾਂ ਦੀ ਆਵਾਜ਼ ਤੇ ਵਾਰਿਸ ਲੁਧਿਆਣਵੀ ਦੇ ਬੋਲ

ਸ਼ੀਸ਼ਾ ਟੁੱਟਦਾ ਵਾਜ ਤੈਨੂੰ ਆਉਂਦੀ ਵੇ
ਤੂੰ ਤਾਂ ਮੇਰਾ ਦਿਲ ਤੋੜਿਆ ਕੋਈ ਵੈਰੀਆਂ ਤੋਂ ਵੀ ਨੀ ਇੰਝ ਮੋੜਦਾ,
ਤੂੰ ਮੈਥੋਂ ਜਿਵੇਂ ਮੁੱਖ ਮੋੜਿਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5010
ਕੰਪਨੀ - ਈ.ਐਮ.ਆ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਜੀ.ਏ. ਚਿਸ਼ਤੀ
ਆਵਾਜ਼ - ਨੂਰਜਹਾਂ / ਫਿਲਮ - ਰੱਬ ਰਾਖਾ 1971

3 ਸਿਤੰਬਰ 1971 ਨੂੰ ਨਿਰਮਾਤਾ ਅਲੀ ਅਬਾਸ ਸਈਅਦ ਨੇ ਅਬਾਸ ਪਿਕਚਰਜ਼ ਦੇ ਬੈਨਰ ਹੇਠ ਯਾਰ ਪੰਜਾਬ ਦੇ ਫਿਲਮ ਰੀਲੀਜ਼ ਕੀਤੀ। ਜਿਸਦੇ ਸੰਗੀਤ ਨਿਰਦੇਸ਼ਕ ਹਨ ਬਾਬਾ ਗੁਲਾਮ ਅਹਿਮਦ ਚਿਸ਼ਤੀ। ਇਸ ਫਿਲਮ ਵਿੱਚੋਂ ਇਕ ਦੌਲਤ ਮੰਦ ਦੇ ਝੂਠੇ ਪਿਆਰ ਦਾ ਸ਼ਿਕਾਰ ਹੋਈ ਜੋਗਨ ਦੇ ਦਰਦ ਭਰੇ ਬੋਲ ਵਾਰਿਸ ਲੁਧਿਆਣਵੀ ਦੀ ਜ਼ੁਬਾਨੀ।

ਕਸਮਾਂ ਖਾਕੇ, ਭੇਸ ਵਟਾਕੇ, ਬਣ ਕੇ ਹੋਰ ਦਾ ਹੋਰ
ਲੁੱਟਕੇ ਲੈ ਗਿਆ ਦਿਲ ਦੀ ਦੌਲਤ, ਇਕ ਦੌਲਤ ਵਾਲਾ ਚੋਰ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5057
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ
ਸੰਗੀਤ - ਬਾਬਾ ਗੁਲਾਮ ਅਹਿਮਦ ਚਿਸ਼ਤੀ
ਆਵਾਜ਼ - ਨੂਰਜਹਾਂ / ਫਿਲਮ - ਯਾਰ ਪੰਜਾਬ ਦੇ 1971

ਨਿਰਮਾਤਾ, ਨਿਰਦੇਸ਼ਕ, ਤੇ ਸੰਗੀਤਕਾਰ ਰੰਗੀਲਾ ਨੇ 8 ਨਵੰਬਰ 1972 ਨੂੰ ਦੋ ਰੰਗੀਲੇ ਫਿਲਮ ਸਿਨੇਮਾ ਘਰਾਂ ਵਿੱਚ ਉਤਾਰੀ। ਦੋ ਰੰਗੀਲੇ ਵਿੱਚੋਂ ਨੂਰਜਹਾਂ ਦੇ ਸ਼ੋਖ ਅੰਦਾਜ਼ ਵਿੱਚ ਵਾਰਿਸ ਲੁਧਿਆਣਵੀ ਦੇ ਬੋਲ

ਵੇ ਮੈਂ ਦਿਲ ਤੇਰੇ ਕਦਮਾਂ 'ਚ ਰੱਖਿਆ,
ਤੂੰ ਪੈਰ ਉੱਤੇ ਪਾ ਤੇ ਸਹੀ
ਦਿਲ ਤੋੜੇਂਗਾ ਤਾਂ ਦੇ ਦਿਆਂਗੀ ਜਾਨ, ਵੇ ਜਾਕੇ ਦਿਖਾ ਤੇ ਸਹੀ

ਰਿਕਾਰਡ ਦਾ ਲੜੀ ਨੰਬਰ H M. V..LKDC 5008 L.P.
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ
ਸੰਗੀਤ - ਰੰਗੀਲਾ ਆਵਾਜ਼ - ਨੂਰਜਹਾਂ / ਫਿਲਮ - ਦੋ ਰੰਗੀਲੇ 1972

ਹੱਥਜੋੜੀ ਫ਼ਿਲਮਜ਼ ਦੇ ਬੈਨਰ ਹੇਠ ਨਿਰਮਾਤਾ ਮੀਆਂ ਅਫ਼ਜ਼ਲ ਨੇ 8 ਨਵੰਬਰ 1972 ਨੂੰ ਇਸ਼ਤਿਹਾਰੀ ਮੁਲਜਿਮ ਫਿਲਮ ਰੀਲੀਜ਼ ਕੀਤੀ। ਇਸ ਦੇ ਸੰਗੀਤ ਨਿਰਦੇਸ਼ਕ ਹਨ ਬਾਬਾ ਗੁਲਾਮ ਅਹਿਮਦ ਚਿਸ਼ਤੀ। ਵਾਰਿਸ ਲੁਧਿਆਣਵੀ ਦਾ ਲਿਖਿਆ ਬਾਬਾ ਚਿਸ਼ਤੀ ਦਾ ਸੰਗੀਤਬੱਧ ਕੀਤਾ ਗੀਤ ਤਸੱਵਰ ਖਾਨਮ ਦੀ ਆਵਾਜ਼ ਵਿੱਚ -

ਇਸ ਦਿਲ ਚ ਮੁਹੱਬਤਾਂ ਵਸਾਕੇ, ਖਿਡੌਣੇ ਵਾਂਗੂੰ ਤੋੜ ਚੱਲਿਓਂ
ਮੈਨੂੰ ਹੱਸਣੇ ਦੀ ਆਦਤ ਪਾਕੇ, ਤੂੰ ਹਾਵਾਂ ਵਿਚ ਰੋੜ੍ਹ ਚੱਲਿਓਂ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ..EKCC 5156
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਜੀ.ਏ. ਚਿਸ਼ਤੀ
ਆਵਾਜ਼ - ਤਸੱਵਰ ਖਾਨਮ / ਫਿਲਮ - ਇਸ਼ਤਿਹਾਰੀ ਮੁਲਜਿਮ 1972

8 ਦਿਸੰਬਰ 1972 ਨੂੰ ਨਿਰਮਾਤਾ ਨਿਰਦੇਸ਼ਕ ਦਲਜੀਤ ਮਿਰਜ਼ਾ ਨੇ ਡੀ ਐਮ ਫ਼ਿਲਮਜ਼ ਦੇ ਬੈਨਰ ਹੇਠ, ਸਫਦਰ ਹੁਸੈਨ ਦੇ ਸੰਗੀਤ ਨਾਲ ਸ਼ਿੰਗਾਰੀ ਫਿਲਮ ਠਾਹ ਰੀਲੀਜ਼ ਕੀਤੀ। ਠਾਹ ਵਿੱਚੋਂ ਨੂਰਜਹਾਂ ਦੀ ਆਵਾਜ਼ ਵਿੱਚ ਫਿਲਮ ਦੀ ਸਥਿਤੀ ਦੇ ਅਨੁਸਾਰ,ਵਾਰਿਸ ਲੁਧਿਆਣਵੀ ਦਾ ਇਕ ਚੁਲਬੁਲਾ ਗੀਤ

ਤੇਰੇ ਮਿਲਣੇ ਨੂੰ ਆਈ ਕਿੰਨੇ ਚਾਅ ਕਰਕੇ
ਆ ਸੀਨੇ ਨਾਲ ਲੱਗ ਜਾ ਠਾਹ ਕਰਕੇ
ਵੇਖੀ ਜਾਵਾਂ ਮੁੱਖ ਤੇਰਾ ਇਹੋ ਜੀ ਕਰਦਾ
ਹੋਰ ਨੇੜੇ ਹੋ ਜਾ ਇੱਝ ਦਿਲ ਨਹੀਂਓ ਭਰਦਾ
ਮੇਰੇ ਸਾਹਵਾਂ ਦੇ ਨੇੜੇ ਨੇੜੇ ਸਾਹ ਕਰਕੇ
ਆ ਸੀਨੇ ਨਾਲ ਲੱਗ ਜਾ ਠਾਹ ਕਰਕੇ
ਕੌਣ ਉਹ ਜਿਹੜਾ ਅੱਜ ਰਾਹ ਸਾਡਾ ਡੱਕੇ ਵੇ
ਤੱਕਦਾ ਜੇ ਵੈਰੀ ਕੋਈ ਸੌ ਵਾਰੀ ਤੱਕੇ ਵੇ
ਦਿਲ ਵੈਰੀਆਂ ਦੇ ਸੁੱਟਾਂਗੀ ਸੁਆਹ ਕਰਕੇ
ਆ ਸੀਨੇ ਨਾਲ ਲੱਗ ਜਾ ਠਾਹ ਕਰਕੇ
ਥੋੜ੍ਹੇ ਦਿਨ ਰਹਿਗੇ ਜਦੋਂ ਸੇਹਰੇ ਲਾ ਕੇ ਆਏਂਗਾ
ਰੰਗਲੇ ਪਲੱਘ ਮੈਨੂੰ ਲਿਆ ਕੇ ਬਿਠਾਏਂਗਾ
ਫੇਰ ਘੁੱਡ ਵਿੱਚੋਂ ਤੱਕਾਂਗੀ ਚਾਅ ਕਰਕੇ
ਆ ਸੀਨੇ ਨਾਲ ਲੱਗਜਾ ਠਾਹ ਕਰਕੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ.. EKCC 5061
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਫਿਲਮ - ਠਾਹ 1972
ਸੰਗੀਤ - ਸਫਦਰ ਹੁਸੈਨ, ਆਵਾਜ਼ - ਨੂਰਜਹਾਂ

1 ਮਾਰਚ 1974 ਨੂੰ ਭੱਟੀ ਪਿਕਚਰਜ਼ ਦੇ ਬੈਨਰ ਹੇਠ ਨਿਰਮਾਤਾ ਨਦੀਮ ਅਬਾਸ ਨੇ ਫਿਲਮ 'ਧਰਤੀ ਦੇ ਲਾਲ' ਰੀਲੀਜ਼ ਕੀਤੀ।ਧਰਤੀ ਦੇ ਲਾਲ ਲਈ ਸੰਗੀਤਕਾਰ ਬਾਬਾ ਗੁਲਾਮ ਅਹਿਮਦ ਚਿਸ਼ਤੀ ਨੇ ਭੰਗੜਾ ਨੁਮਾ ਢੋਲ ਦੀ ਤਾਲ ਦੇ, ਇਨਾਇਤ ਹੁਸੈਨ ਭੱਟੀ, ਸ਼ੌਕਤ ਅਲੀ ਅਤੇ ਤਸੱਵੁਰ ਖ਼ਾਨੁਮ ਦੀਆਂ ਆਵਾਜਾਂ ਵਿੱਚ ਵਾਰਿਸ ਲੁਧਿਆਣਵੀ ਦਾ ਇਹ ਗੀਤ ਰਿਕਾਰਡ ਕੀਤਾ ਧਰਤੀ ਸਾਡੀ ਭਾਗਾਂ ਵਾਲੀ, ਆਪਣੀ ਆਪ ਮਿਸਾਲ ਇਸ ਵਿੱਚ ਦੱਬੇ ਹੀਰੇ ਮੋਤੀ, ਕੱਢ ਲਓ ਮਿਹਨਤ ਨਾਲ ਕੋਰਸ: ਤੁਸੀਂ ਧਰਤੀ ਦੇ ਲਾਲ, ਤੁਸੀਂ ਧਰਤੀ ਦੇ ਲਾਲ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ..EKCC 5150
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਫਿਲਮ - ਧਰਤੀ ਦੇ ਲਾਲ 1974
ਸੰਗੀਤ - ਜੀ.ਏ. ਚਿਸ਼ਤੀ
ਆਵਾਜ਼ਾਂ - ਨੂਰਜਹਾਂ , ਤਸੱਵੁਰ ਖਾਨਮ, ਇਨਾਇਤ ਹੁਸੈਨ ਭੱਟੀ, ਸ਼ੌਕਤ ਅਲੀ

26 ਜੁਲਾਈ 1974 ਨੂੰ ਸ਼ਾਦਮਨ ਪ੍ਰੋਡਕਸ਼ਨ ਦੇ ਬੈਨਰ ਹੇਠ ਨਿਰਮਾਤਾ ਚੌਧਰੀ ਇਸਮਾਈਲ ਦੀ ਫਿਲਮ ਨੌਕਰ ਵਹੁਟੀ ਦਾ ਆਈ। ਜਿਸਦਾ ਸੰਗੀਤ ਵਜਾਹਤ ਅੱਤਰੇ ਨੇ ਕੀਤਾ। ਇਸ ਵਿੱਚੋਂ ਵਾਰਿਸ ਲੁਧਿਆਣਵੀ ਦੇ ਬੋਲ ਨੂਰਜਹਾਂ ਤੇ ਮਾਸੂਦ ਰਾਣਾ ਦੀਆਂ ਆਵਾਜ਼ਾਂ ਵਿੱਚ

ਚੁੱਪ ਕਰ ਦੜ ਵੱਟ ਜਾ, ਨਾ ਇਸ਼ਕੇ ਦਾ ਖੋਹਲ ਖੁਲਾਸਾ
ਚਮੜੀ ਲੱਥ ਜਾਏਗੀ, ਐਂਵੇਂ ਬਣ ਜੇਂਗੀ ਜੱਗ ਦਾ ਹਾਸਾ
ਗੁੱਮ ਸੁੱਮ ਰਹਿਣਾ, ਕੁੱਝ ਨਾ ਕਹਿਣਾ, ਇਸ਼ਕੇ ਦਾ ਇਹ ਦਸਤੂਰ
ਸੱਸੀ, ਸੋਹਣੀ, ਸਹਿਤੀ ਵਾਂਗੂੱ ਹੋਵੀਂ ਨਾ ਮਸ਼ਹੂਰ
ਨੀ ਚੁੱਪ ਕਰ ਦੜ ਵੱਟ ਜਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ. EKCC 5294
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ/ਫਿਲਮ - ਨੌਕਰ ਵਹੁਟੀ ਦਾ 1974
ਸੰਗੀਤ - ਵਜ਼ਾਹਤ ਅੱਤਰੇ / ਆਵਾਜ਼ਾਂ - ਨੂਰਜਹਾਂ, ਮਾਸੂਦ ਰਾਣਾ




ਬਹੁਤ ਥੋੜ੍ਹੇ ਗੀਤਕਾਰ ਹੁੰਦੇ ਹਨ ਜਿਹਨਾਂ ਦੇ ਗੀਤਾਂ ਨੂੰ ਵਾਰਿਸ ਦੇ ਗੀਤਾਂ ਜਿੰਨੀ ਮਕਬੂਲੀਅਤ ਹਾਸਲ ਹੁੰਦੀ ਐ। ਵਾਰਿਸ ਲੁਧਿਆਣਵੀ ਮੁਕੰਮਲ ਗੀਤਕਾਰ ਸੀ। ਬਹੁਤ ਘੱਟ ਬੋਲਣ ਵਾਲਾ ਸੀ। ਸਾਦਾ ਤੇ ਸ਼ਰੀਫ ਆਦਮੀ ਸੀ। ਜਦੋਂ ਗੀਤਕਾਰ ਵਜੋਂ ਪ੍ਰਸਿੱਧੀ ਮਿਲਣੀ ਸ਼ੁਰੂ ਹੋਈ ਤਾਂ ਵਾਰਿਸ ਲੁਧਿਆਣਵੀ ਨੂੰ ਰੇਲਵੇ ਕਲਰਕ ਦੀ ਨੌਕਰੀ ਛੱਡਣੀ ਪਈ ਕਿਉਂਕਿ ਕਲਰਕੀ ਨਾਲੋਂ ਉਹਨਾਂ ਦਾ ਧਿਆਨ ਗੀਤਕਾਰੀ ਵੱਲ ਵਧੇਰੇ ਹੋ ਗਿਆ। ਵਾਰਿਸ ਨੇ ਹਰ ਨਵੇਂ ਉੱਠਣ ਵਾਲੇ ਗੀਤਕਾਰ ਦੀ ਰੱਜ ਕੇ ਹੌਸਲਾ ਅਫਜ਼ਾਈ ਕੀਤੀ। ਇਕ ਫਿਲਮ ਵਿਚ ਵਾਰਿਸ ਲੁਧਿਆਣਵੀ ਦੇ ਨਾਲ ਪ੍ਰੋਫੈਸਰ ਅਕੀਲ ਰੂਬੀ ਦਾ ਗੀਤ ਵੀ ਰਿਕਾਰਡ ਹੋਇਆ। ਜਦੋਂ ਗੀਤ ਰੇਡੀਓ 'ਤੇ ਵੱਜਣੇ ਸ਼ੁਰੂ ਹੋਏ ਤਾਂ ਅਕੀਲ ਰੂਬੀ ਦੇ ਗੀਤ ਨੂੰ ਵੀ ਗੀਤਕਾਰ ਵਜੋਂ ਵਾਰਿਸ ਲੁਧਿਆਣਵੀ ਦੇ ਨਾਮ ਨਾਲ ਹੀ ਬੋਲਿਆ ਜਾਣ ਲੱਗ ਪਿਆ ਕਿਉਂਕਿ ਗੀਤਕਾਰੀ ਵਿੱਚ ਵਾਰਿਸ ਲੁਧਿਆਣਵੀ ਵੱਡਾ ਨਾਮ ਬਣ ਚੁੱਕਾ ਸੀ।ਰੇਡੀਓ ਵਾਲਿਆਂ ਦੀ ਇਸ ਗਲਤੀ ਨੇ ਵਾਰਿਸ ਨੂੰ ਬਹੁਤ ਦੁਖੀ ਕੀਤਾ। ਸਭ ਤੋਂ ਪਹਿਲਾਂ ਵਾਰਿਸ ਪ੍ਰੋਫੈਸਰ ਰੂਬੀ ਕੋਲ ਗਿਆ ਕਿ ਇਹ ਰੇਡੀਓ ਵਾਲਿਆਂ ਦੀ ਭਾਰੀ ਗਲਤੀ ਐ। ਤੁਹਾਡੇ ਗੀਤ ਦੇ ਨਾਲ ਮੇਰਾ ਨਾਮ ਬੋਲਿਆ ਜਾਣਾ ਮੈਨੂੰ ਬਹੁਤ ਦੁਖੀ ਕਰ ਰਿਹਾ ਹੈ। ਰੂਬੀ ਤਾਂ ਸਮਝਦਾ ਹੀ ਸੀ ਕਿ ਇਹ ਗਲਤੀ ਰੇਡੀਓ ਅਨਾਊਂਸਰਾਂ ਦੀ ਐ ਪਰ ਉਸ ਤੋਂ ਬਾਅਦ ਵਾਰਿਸ ਖੁਦ ਰੇਡੀਓ ਸਟੇਸ਼ਨ 'ਤੇ ਜਾਕੇ ਇਹ ਗਲਤੀ ਦਰੁਸਤ ਕਰਵਾ ਕੇ ਆਇਆ. ਕਲਰਕੀ ਕਰਨ ਵੇਲੇ ਵਾਰਿਸ ਨੇ ਕੋਟ ਪੈਂਟ ਪਹਿਨਿਆ। ਨੌਕਰੀ ਛੱਡਣ ਤੋਂ ਬਾਅਦ ਸਾਰੀ ਉਮਰ ਸਲਵਾਰ ਕਮੀਜ਼ ਵਿਚ ਹੀ ਰਿਹਾ। ਵਾਰਿਸ ਘਰ ਮੱਝਾਂ ਰੱਖਦਾ, ਧਾਰਾਂ ਵੀ ਖੁਦ ਕੱਢਦਾ। ਵਾਰਿਸ ਦੇ ਤਿੰਨ ਹੀ ਸ਼ੌਕ ਸਨ ਵਧੀਆ ਗੀਤ ਲਿਖਣੇ ਉਹ ਵੀ ਔਖੀ ਗੱਲ ਸੌਖੇ ਲਫ਼ਜ਼ਾਂ ਰਾਹੀਂ ਲਿਖਣਾ। ਦਿਨ ਵੇਲੇ ਰੱਜ ਕੇ ਦੁੱਧ ਪੀਣਾ ਤੇ ਆਥਣੇ ਕੌੜਾ ਪਾਣੀ।

ਜਰਨਲ ਜਿਆ ਉਲ ਹੱਕ ਦੇ ਰਾਜ ਵੇਲੇ ਜਦੋਂ ਸ਼ਰਾਬ ਤੇ ਬਹੁਤ ਜ਼ਿਆਦਾ ਸਖਤੀ ਸੀ। ਪੁਲਿਸ ਵਾਲੇ ਨਾਕਾ ਲਾਕੇ ਸ਼ਰਾਬ ਪੀਤੀ ਵਾਲੇ ਲੋਕਾਂ ਨੂੰ ਅੰਦਰ ਡੱਕ ਰਹੇ ਸਨ। ਵਾਰਿਸ ਵੀ ਬਾਰੀ ਸਟੂਡੀਓ ਤੋਂ ਕੌੜਾ ਪਾਣੀ ਪੀ ਕੇ ਆਥਣੇ ਆਪਣੇ ਘਰ ਸੁਲਤਾਨ ਪੁਰੇ ਵੱਲ ਨੂੰ ਜਾ ਰਿਹਾ ਸੀ। ਪੁਲਿਸ ਦੇ ਕਾਬੂ ਆ ਗਿਆ। ਪੁਲਿਸ ਵਾਲਿਆਂ ਨੇ ਮੂੰਹ ਸੁੰਘਿਆ ਤੇ ਅੰਦਰ ਡੱਕਣ ਲੱਗੇ।ਵਾਰਿਸ ਲੁਧਿਆਣਵੀ ਨੇ ਥਾਣੇਦਾਰ ਨੂੰ ਪਿਆਰ ਨਾਲ ਪੁੱਛਿਆ ਪੁੱਤਰ ਤੇਰਾ ਵਿਆਹ ਹੋਇਐ ? ਅੱਗੋਂ ਥਾਣੇਦਾਰ ਨੇ ਥਾਣੇਦਾਰੀ ਲਹਿਜੇ ਵਿੱਚ ਆਖਿਆ ਇਹ ਸਾਰਾ ਥਾਣਾ ਈ ਵਿਆਹਿਆ ਹੋਇਆ ਐ, ਤੈਂ ਸਾਡੇ ਵਿਆਹਾਂ ਤੋਂ ਕੀ ਲੈਣੇਂ, ਤੂੰ ਸ਼ਰਾਬ ਪੀਤੀ ਹੋਈ ਐ ਬੱਸ ਅੰਦਰ ਚੱਲ। ਅੱਗੋਂ ਵਾਰਿਸ ਨੇ ਥਾਣੇਦਾਰ ਨੂੰ ਆਖਿਆ, ਪੁੱਤਰ ਜਦੋਂ ਤੇਰਾ ਵਿਆਹ ਹੋਇਆ ਸੀ ਤੇਰੀ ਭੈਣ ਨੇ ਇਕ ਗੀਤ ਗਾਇਆ ਸੀ ਥਾਣੇਦਾਰ ਸੋਚੀਂ ਪੈ ਗਿਆ ਕਿ ਇਹ ਬਜ਼ੁਰਗ ਕੀ ਆਖੀ ਜਾਂਦੈ, ਥਾਣੇਦਾਰ ਕਹਿੰਦਾ ਕਿਹੜਾ ਗੀਤ ਅੱਗੋਂ ਵਾਰਿਸ ਬੋਲਿਆ

ਦੇਸਾਂ ਦਾ ਰਾਜਾ,
ਮੇਰੇ ਬਾਬਲ ਦਾ ਪਿਆਰਾ
ਮੇਰੀ ਅੰਮੜੀ ਦੇ ਦਿਲ ਦਾ ਸਹਾਰਾ
ਨੀ ਵੀਰ ਮੇਰਾ ਘੋੜੀ ਚੜ੍ਹਿਆ

ਥਾਣੇਦਾਰ ਕਹਿੰਦਾ ਹਾਂ ਗਾਇਆ ਸੀ ਪਰ ਤੂੰ ਇਸ ਗੱਲ ਤੋਂ ਕੀ ਲੈਣੈਂ ਅੱਗੋਂ ਵਾਰਿਸ ਕਹਿੰਦਾ ਪੁੱਤਰ ਇਹ ਗੀਤ ਮੇਰਾ ਈ ਲਿਖਿਆ ਹੋਇਆ ਐ, ਮੈਂ ਗੀਤਕਾਰ ਹਾਂ, ਮੇਰਾ ਨਾਮ ਵਾਰਿਸ ਲੁਧਿਆਣਵੀ ਐ ਥਾਣੇਦਾਰ ਬੜਾ ਹੈਰਾਨ ਹੋਇਆ ਉਸਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਵਾਰਿਸ ਸਾਹਿਬ ਨੂੰ ਘਰ ਛੱਡ ਕੇ ਆਓ, ਇਹ ਨਾ ਹੋਵੇ ਕਿ ਐਡੇ ਵੱਡੇ ਗੀਤਕਾਰ ਨੂੰ ਅਗਲੇ ਨਾਕੇ ਤੇ ਕੋਈ ਹੋਰ ਪੁਲਿਸ ਪਾਰਟੀ ਡੱਕ ਲਵੇ।ਇਹ ਐ ਵਾਰਿਸ ਲੁਧਿਆਣਵੀ ਦੇ ਗੀਤਾਂ ਦਾ ਮਕਬੂਲੀਅਤ ਦਾ ਮਿਆਰ ਇਕ ਅੰਦਾਜ਼ੇ ਮੁਤਾਬਕ ਵਾਰਿਸ ਲੁਧਿਆਣਵੀ ਦੇ ਛੇ ਸੌ ਦੇ ਕਰੀਬ ਗੀਤ ਰਿਕਾਰਡ ਹੋਏ। ਪਰ ਮੈਂ ਸੀਮਤ ਸਾਧਨਾਂ ਕਰਕੇ, ਇਸ ਲੇਖ ਰਾਹੀਂ, ਗ੍ਰਾਮੋਫੋਨ ਰਿਕਾਰਡਾਂ ਦੇ ਹਵਾਲੇ ਨਾਲ, ਵਾਰਿਸ ਲੁਧਿਆਣਵੀ ਦੇ ਕੁੱਝ ਕੁ ਗੀਤ, ਨਮੂਨੇ ਵਜੋਂ ਪਾਠਕਾਂ ਦੀ ਨਜ਼ਰ ਕੀਤੇ ਹਨ।ਵਾਰਿਸ ਦੇ ਅਨੇਕਾਂ ਹੋਰ ਗੀਤ ਹਨ। ਜੋ ਲਹਿੰਦੇ ਪੰਜਾਬ ਵਿਚ ਮੈਡਮ ਨੂਰਜਹਾਂ, ਮਾਸੂਦ ਰਾਣਾ ਇਨਾਇਤ ਹੁਸੈਨ ਭੱਟੀ ਤੇ ਮਹਿੰਦੀ ਹਸਨ ਸਮੇਤ ਪਹਿਲੀ ਕਤਾਰ ਦੇ ਸਾਰੇ ਗਾਇਕਾਂ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋਕੇ ਅੱਜ ਤੱਕ ਆਵਾਮ ਦੇ ਦਿਲਾਂ ਵਿੱਚ ਧੜਕਦੇ ਹਨ। ਗੱਲ ਫੇਰ ਉਹੀ ਕਿ ਜਦੋਂ ਅਸੀਂ ਗੀਤ ਸੁਣਦੇ ਹਾਂ, ਤਾਂ ਇਹੋ ਗੱਲ ਕਹਿ ਕੇ ਸਾਰ ਲੈਂਦੇ ਹਾਂ ਕਿ ਨੂਰਜਹਾਂ ਦਾ ਗੀਤ, ਗੁਲਾਮ ਅਲੀ ਦਾ ਗੀਤ ਪਰ ਗੀਤਕਾਰ ਤੱਕ ਨਹੀਂ ਪਹੁੰਚਦੇ। ਵਾਰਿਸ ਲੁਧਿਆਣਵੀ ਜਿੱਥੇ ਐਡੇ ਵੱਡੇ ਗੀਤਕਾਰ ਸਨ ਉੱਥੇ ਉਹ ਉੱਚ ਕੋਟੀ ਦੇ ਸੰਵਾਦ ਲੇਖਕ ਵੀ ਸਨ ਸੁਭਾਅ ਪੱਖੋਂ ਆਹਲਾ ਦਰਜੇ ਦੇ ਨਿਮਰ ਇਨਸਾਨ।ਗੱਲ 1976 ਦੀ ਐ, ਨਿਰਮਾਤਾ ਨਿਰਦੇਸ਼ਕ ਦਲਜੀਤ ਮਿਰਜ਼ਾ ਵਾਰਦਾਤ ਫਿਲਮ ਬਣਾ ਰਹੇ ਸਨ। ਬਾਰੀ ਸਟੂਡੀਓ ਵਿੱਚ ਫਿਲਮ ਦੇ ਆਖਰੀ ਸੀਨ ਤੇ ਬਹਿਸ ਹੋ ਰਹੀ ਸੀ। ਆਖਰੀ ਸੀਨ ਵਿੱਚ ਨਾਟਕੀ ਰੰਗ ਭਰਨ ਲਈ ਇਕ ਪਾਤਰ ਦੀ ਮੌਤ ਜ਼ਰੂਰੀ ਸੀ। ਪਰ ਮਰਨ ਲਈ ਕੋਈ ਰਾਜੀ ਨਹੀਂ ਸੀ। ਹੀਰੋ ਸੁਧੀਰ ਨੇ ਤਰਕ ਦਿੱਤਾ ਕਿ ਜੇਕਰ ਮੈਂ ਮਰ ਗਿਆ ਤਾਂ ਫਿਲਮ ਦਾ ਸਤਿਆਨਾਸ ਹੋ ਜਾਵੇਗਾ ਤੇ ਅਦਾਕਾਰਾ ਨੀਲੋ ਨੇ ਤਰਕ ਦਿੱਤਾ ਕਿ ਜੇ ਮੈਂ ਮਰ ਗਈ ਤਾਂ ਦਰਸ਼ਕ ਸਿਨੇਮੇ ਦੀਆਂ ਕੁਰਸੀਆਂ ਤੋੜ ਦੇਣਗੇ।ਸੁਲਤਾਨ ਰਾਹੀ ਕਹਿੰਦਾ ਮੇਰਾ ਤਾਂ ਮਰਨ ਦਾ ਸੁਆਲ ਈ ਪੈਦਾ ਨਹੀਂ ਹੁੰਦਾ। ਕੁਰਸੀ ਤੇ ਬੈਠਾ ਸੰਵਾਦ ਲਿਖ ਰਿਹਾ ਵਾਰਿਸ ਲੁਧਿਆਣਵੀ ਕਹਿੰਦਾ ਕਿ ਇਕ ਨੂੰ ਤਾਂ ਮਰਨਾ ਹੀ ਪੈਣ, ਤੁਹਾਡੇ ਚੋਂ ਤਾਂ ਮਰਨ ਲਈ ਕੋਈ ਤਿਆਰ ਨਹੀਂ। ਫੇਰ ਲੇਖਕ ਨੂੰ ਹੀ ਮਾਰ ਦਿਓ। ਇਹੋ ਜਿਹੇ ਮਖੌਲੀਏ ਸੁਭਾਅ ਦਾ ਮਾਲਕ ਸੀ ਵਾਰਿਸ ਲੁਧਿਆਣਵੀ। ਵਾਰਿਸ ਨੇ ਕਦੇ ਵੀ ਅਜਿਹੇ ਗੀਤ ਨਹੀਂ ਲਿਖੇ ਜਿਸ ਲਿਖਤ ਨਾਲ ਉਸ ਦੇ ਉਸਤਾਦ ਦਾਮਨ ਦੇ ਨਾਮ ਨੂੰ ਆਂਚ ਆਈ ਹੋਵੇ। ਬੇਸ਼ਕ 5 ਸਿਤੰਬਰ 1992 ਨੂੰ ਵਾਰਿਸ ਲੁਧਿਆਣਵੀ ਜਿਸਮਾਨੀ ਤੌਰ 'ਤੇ ਸਾਥੋਂ ਜੁਦਾ ਹੋ ਗਿਆ ਪਰ ਹਮੇਸ਼ਾ ਉਸ ਦੇ ਗੀਤ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਦੀ ਤਰਜਮਾਨੀ ਕਰਦੇ ਰਹਿਣਗੇ।

---

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਪਵਿੱਤਰ, ਬਾਬਾ ਕਿਵੇਂ ਬਣਿਆ

2012-13 'ਚ ਮੇਰਾ ਵਾਹ ਪਵਿੱਤਰ ਬਾਬੇ ਨਾਲ ਪਿਆ ਸੀ। ਇਹ ਤਾਂ ਯਾਦ ਨਈਂ ਇਹਨਾ ਨੇ ਫੋਨ ਕੀਤਾ ਸੀ ਜਾਂ ਮੈਂ ਸੁੰਨੀ ਖੱਡ ਮੂਹਰੇ ਬੀਨ ਵਜਾ ਫਨੀਅਰ ਕੱਢ ਲਿਆ ਸੀ , ਸਾਡੀ ਸੱਥਰੀ ਵਾਹਵਾ ਪੈਂਦੀ ਸੀ , 2013 ਤੋਂ 2022 ਤੱਕ ਜਦੋਂ ਭਵਾਨੀਗੜ੍ਹ ਕੋਲੋਂ ਲੰਘਦੇ ਤਾਂ ਬਾਬਾ ਨਾਲ ਫੋਨ ਫਤਹਿ ਜਰੂਰ ਹੋ ਜਾਂਦੀ। ਪਿਛਲੇ ਤਿੰਨ ਚਾਰ ਸਾਲਾਂ ਤੋਂ ਪਤਾ ਨਹੀਂ ਕਿਵੇਂ ਸਾਡਾ ਕਦੇ ਗੱਲ ਨਹੀਂ ਹੋਈ ਸੀ , ਮਿਲੇ ਵੀ ਮਸਾਂ 2 ਕੁ ਵਾਰ ਸੀ।ਪਹਿਲਾਂ ਜਦੋਂ ਰੇਡੀਓ ਜਾਂ ਟੀਵੀ ਤੇ ਕੁਝ ਹੱਟਵਾਂ ਜਾਂ ਪ੍ਰੋਗਰਾਮ ਕਰਨ ਦੀ ਜਰੂਰਤ ਪੈਂਦੀ ਤਾਂ ਪਵਿੱਤਰ ਬਾਬੇ ਨੂੰ ਨਾਲ ਕੁੰਡੀਆਂ ਮੇਲ ਲੈਂਦੇ , ਕਈ ਵਾਰ ਤਾਂ ਰਾਮਪੁਰੇ ਰਾਤਾਂ ਵੀ ਕੱਟੀਆਂ , ਚੰਗਾ ਲੱਗਦਾ ਸੀ ਐਨਰਜੀ ਨਾਲ ਭਰੇ ਬੰਦੇ ਕੋਲ ਬੈਠਣਾ।



ਪਹਿਲੀ ਮੁਲਾਕਾਤ ਵੇਲੇ ਇੱਕ ਦੂਜੇ ਬਾਰੇ ਬਹੁਤ ਨਹੀਂ ਜਾਣਦੇ ਸੀ , ਮੈਂ ਹਰ ਵਿਸ਼ੇ ਬਾਰੇ ਥੋੜ੍ਹਾ-ਥੋੜ੍ਹਾ ਗਿਆਨ ਰੱਖਦਾ ਸੀ , ਬਾਬਾ ਕਈ ਵਿਸਿ ?ਆਂ 'ਚ ਗਿਆਨ ਦਾ ਭੰਡਾਰ ਸੀ। ਗੀਤ-ਸੰਗੀਤ, ਮੈਡੀਟੇਸ਼ਨ , ਸਾਹਿਤ ਅਤੇ ਮਨੋ ਵਿਗਿਆਨ 'ਚ ਵਿਸ਼ਿਆਂ 'ਤੇ ਪਹਿਲੇ ਦਿਨ ਹੀ ਸਾਡੀ ਚੰਗੀ ਗਰਾਰੀ ਅੜੀ। ਮੈਂ ਹਿਪਨੋਟਿਜ਼ਮ ਸਿੱਖਣੀ ਸੀ। ਬਾਬਾ ਕਹਿੰਦਾ ' ਤੇਰੀ ਤਾਂ ਆਵਾਜ਼ ਵੀ ਬਹੁਤ ਕਮਾਲ ਦੀ , ਪੂਰਾ ਬੇਸ ਹੈ , ਮਰੀਜ਼ ਨੂੰ ਬਹੁਤ ਛੇਤੀ ਸੰਮੋਹਿਤ ਕਰ ਸਕਦਾ '। ਫਿਰ ਅਸੀਂ ਥੋੜ੍ਹੇ ਦੇ ਤਜਰਬੇ ਕੀਤੇ ਵੀ। ਮੈਂ ਜਦੋਂ ਗਿਆ , ਉਹ ਸੰਮੋਹਨ ਅਤੇ ਮੈਡੀਟੇਸ਼ਨ ਦਾ ਕੋਈ ਕੰਬੀਨੇਸ਼ਨ ਚਲਾ ਰਹੇ ਸੀ। ਮੈਂ ਕਿਹਾ 'ਆਹ ਪੀਸ' ਤਾਂ 'ਡਾਇਨਾਮਿਕ ਮੈਡੀਟੇਸ਼ਨ ਵਾਲਾ' ਬਾਬਾ ਕਹਿੰਦਾ , ' ਸਿੱਧੂ , ਤੂੰ ਵੀ ਫੱਟਦੀਆਂ ਦਾ ਫੇਟ ਆਂ ਜਮਾਂ, ਪਹਿਲੀ ਸੱਟੇ ਪਛਾਣ ਲਿਆ ' ਮੈਂ ਕਿਹਾ , ' ਬਾਬਾ , ਤੂੰ ਤਾ ਬਾਬਾ ਆਪ ਬਣਿਆ , ਅਸੀਂ ਤਾਂ ਜੰਮੇ ਬਾਬੇ ਕੇ ਆਂ' ਹਾਸੀ ਮਜ਼ਾਕ 'ਚ ਪਵਿੱਤਰ ਸਿੰਘ ਤੂਰ ਦੇ ਬਾਬਾ ਬਣਨ ਦੀ ਗੱਲ ਚੱਲਪੀ।'ਗੱਲ ਆਏਂ ਸੀ ', ਕਹਿ ਕੇ ਬਾਬਾ ਡੂੰਘੇ ਵਹਿਣੀ ਵਹਿ ਗਿਆ। ਕਹਿੰਦਾ , 'ਮੇਰਾ ਸੋਸ਼ਣ ਬਹੁਤ ਹੋਇਆ , ਘਰਦਿਆਂ ਤੋਂ ਸ਼ੁਰੂ ਹੋਇਆ ਤੇ ਹਰੇਕ ਥਾਂ ਹੁੰਦਾ ਰਿਹਾ। 'ਨਿੱਕੇ ਹੁੰਦੇ ਤੋਂ ਹੀ ਮੇਰੀਆਂ ਲੱਤਾਂ ਮਰੀਆਂ ਹੋਈਆਂ ਸੀ , ਤੁਰ ਫਿਰ ਮੈਂ ਸਕਦਾ ਨਹੀਂ ਸੀ। ਘਰਦੇ ਵੀ ਤਵੱਜੋ ਨਹੀਂ ਦਿੰਦੇ ਸੀ , ਆਏ-ਗਏ ਤੋਂ ਲੁਕੋ ਦਿੰਦੇ ਕਿ ਕਿਸੇ ਦੇ ਸਾਹਮਣੇ ਨਾ ਆਵਾਂ।ਫਿਰ ਮੈਨੂੰ ਘਰਦਿਆਂ ਡੇਰੇ ਛੱਡਤਾ ਪਾਠ ਸਿੱਖਣ , ਮੈਂ ਪੰਜ ਗ੍ਰੰਥੀ ਪੜ੍ਹਨੀ ਸਿੱਖ ਲਈ। ਪਾਠ ਤੇ ਰੌਲ ਲਾਉਣ ਲੱਗ ਪਿਆ , ਉੱਥੇ ਫਿਰ ਸੋਸ਼ਣ , ਹੋਰਾਂ ਦੀ ਦੋ-ਦੋ ਘੰਟੇ ਦੀ ਰੌਲ , ਮੇਰੀ ਚਾਰ-ਚਾਰ ਘੰਟੇ ਦੀ ,ਵਈ ਤੂੰ ਕਿਹੜਾ ਕਿਤੇ ਜਾਣਾ। ਉਹ ਬੈਠਕ ਨੇ ਮੈਨੂੰ ਧੀਰਜ ਦਿੱਤਾ। ਹੁਣ ਮੈਂ ਬਹੁਤ ਚਿਰ ਬੈਠਾ ਰਹਿਨਾ। ਧਾਰਮਿਕ ਲੋਕਾਂ ਦੇ ਪਾਖੰਡ ਨੂੰ ਨੇੜਿਓ ਦੇਖਿਆ ਤਾਂ ਵਿਗਿਆਨਕ ਸੋਚ ਜਾਗ ਪਈ। ਤਰਕਸ਼ੀਲਾਂ ਨਾਲ ਜੁੜ ਗਿਆ। ਮਨੋ ਵਿਗਿਆਨ ਪੜਨ ਲੱਗਾ। ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਲੱਗੇ। ਕਿਸੇ 'ਚ ਭੂਤ ਆਉਂਦੀ , ਕਿਸੇ ਨੂੰ ਕਸਰ ਹੁੰਦੀ , ਕਿਸੇ ਦੇ ਰੋੜੇ ਵੱਜਦੇ ਹੁੰਦੇ ਜਾਂ ਪੇਟੀ 'ਚ ਅੱਗ ਲੱਗਦੀ ਤਾਂ ਸਾਨੂੰ ਲੈ ਕੇ ਜਾਂਦੇ।ਤਰਕਸ਼ੀਲ ਕਹੇ ਤੋਂ ਬਹੁਤੇ ਵਾਰੀ ਲੋਕ ਯਕੀਨ ਨਾ ਕਰਦੇ , ਫਿਰ ਅਸੀਂ 'ਸਿਆਣੇ' ਬਾਬੇ ਬਣ ਜਾਂਦੇ।ਕਦੇ ਕਦੇ ਮਰੀਜ਼ਾਂ ਨੂੰ ਠੀਕ ਕਰਨ ਜਾਂ ਮਸਲੇ ਦੀ ਤਹਿ ਤੱਕ ਜਾਣ ਲਈ ਚੇਲੇ ਬਣਨ ਦੇ ਢਕਵੰਜ ਵੀ ਕਰਦੇ ਤੇ ਜਿੰਨ ਫੜਕੇ ਤੌੜੇ 'ਚ ਪਾ ਕੇ ਛੱਡਣ ਦਾ ਦਿਖਾਵਾ ਵੀ ਕਰਦੇ। ਅਸੀਂ ਮਨੋਰੋਗੀਆਂ ਦੇ ਇਲਾਜ ਕਰਨ ਲੱਗੇ , ਬੀਬੀਆਂ ਨੇ 'ਬਾਬਾ' ਕਹਿਣ ਲੱਗੀਆਂ, ਬੱਸ ਏਹਨਾ ਗੱਲਾਂ ਤੋਂ ਬਾਬੇ ਵਾਲੀ 'ਅੱਲ' ਪੱਕ ਗਈ।ਪਵਿੱਤਰ ਬਾਬੇ ਨੇ ਮਨੋਵਿਗਿਆਨ ਦੀ ਗੂੜੀ ਅਤੇ ਗਹਿਰੀ ਸਮਝ ਹਾਸਲ ਕੀਤੀ। ਆਪ ਬੇਸ਼ੱਕ ਬਹੁਤਾ ਪੜ੍ਹਿਆ ਨਹੀਂ ਸੀ ਪਰ ਕੜਿਆ ਬਹੁਤ ਸੀ , ਬਾਬੇ ਦੇ ਚੰਡੇ ਚੇਲੇ ਪੀਐਚਡੀ ਤੱਕ ਕਰਗੇ, ਕਿੰਨੇ ਅਜਿਹੇ ਲੋਕ ਨੇ ਜਿਹੜਾ ਇਹਨਾ ਕੋਲੋਂ ਮਨੋਵਿਗਿਆਨ ਸਿੱਖ ਕੇ ਮਨੋਰੋਗੀਆਂ ਦਾ ਸਮਾਧਾਨ ਕਰ ਰਹੇ ਹਨ। ਇੱਕ ਪਾਸੇ ਦਿਨੋਂ ਦਿਨ ਪਵਿੱਤਰ ਬਾਬਾ ਮਸ਼ਹੂਰ ਹੋ ਰਿਹਾ ਸੀ , ਦੂਜੇ ਪਾਸੇ ਇਹਨਾ ਵੱਲੋਂ ਤਿਆਰ ਕੀਤਾ 'ਬਾਬਾ ਡੈੱਕ' ਦੂਰ ਦੂਰ ਟਰੈਕਟਰਾਂ ਦੇ ਗੂੰਜਦਾ।ਪਵਿੱਤਰ ਬਾਬੇ ਨੇ ਆਪਣੇ ਖੇਤ 'ਚ ਕਮਿਊਨ ਵਾਂਗੂੰ ਰਿਹਾਇਸ਼ ਬਣਾਈ ਹੋਈ ਸੀ , ਉੱਥੇ ਆਰਗੈਨਿਕ ਖੇਤੀ, ਫਲ ਅਤੇ ਸਬਜ਼ੀਆਂ , ਰੰਗ ਬਿਰੰਗੀਆਂ ਚਿੜੀਆਂ ਅਤੇ ਹੋਰ ਜਾਨਵਰਾਂ ਨਾਲ ਪੂਰੀ ਰੌਣਕ ਲੱਗੀ ਰਹਿੰਦੀ ਸੀ। ਜਿੱਥੇ ਚਿੜੀਆਂ ਚਹਿਕਦੀਆਂ ਸਨ। ਅੱਜ ਇੱਕ ਬੇਵਕੂਫ਼ ਦੀ ਵਜਾਂ ਕਰਕੇ ਵੈਣ ਸੁਣਾਈ ਦਿੰਦੇ , ਕੀਰਨੇ ਪੈ ਰਹੇ।ਬੇਸ਼ੱਕ ਪਵਿੱਤਰ ਬਾਬਾ ਸਰੀਰਕ ਪੱਖੋਂ ਨਾਲ ਨਹੀਂ , ਪਰ ਉਸਦੀ ਵਿਰਾਸਤ ਤਾਂ ਸੰਭਾਲੀ ਜਾ ਸਕਦੀ , ਇਹਦੇ ਰਲ ਕੇ ਯਤਨ ਕਰੀਏ।

**#ਸੁਖਨੈਬ ਸਿੰਘ ਸਿੱਧੂ**

---




# ਪੜ੍ਹਿਆ ਹੋਣ ਦਾ ਅਰਥ ਕਈ ਡਿਗਰੀਆਂ ਨਾਲ਼ ਭਰੀ ਜੇਬ ਹੀ ਨਹੀਂ

**ਬੰਦੇ ਮੋਹ ਮੁਹੱਬਤਾਂ ਵਾਲ਼ੇ ਜਾਣ ਦਿਨੋ-ਦਿਨ ਘਟਦੇ**
**ਹੁਣ ਤਾਂ ਲੋਕ ਸ਼ਮਸ਼ਾਨਾਂ ਵਿੱਚ ਵੀ ਨਹੀਂ ਹੱਸਣੋ ਹਟਦੇ**


ਕਈ ਵਾਰੀ ਕਿਹਾ ਜਾਂਦਾ ਹੈ ਕਿ ਕੁੱਝ ਲੋਕ ਪੜ੍ਹੇ ਹੁੰਦੇ ਹਨ ਪਰ ਕੁੱਝ ਲੋਕ ਗੁੜ੍ਹੇ ਹੁੰਦੇ ਹਨ। ਦੋਵਾਂ ਵਿੱਚ ਫ਼ਰਕ ਇਹ ਹੈ ਕਿ ਡਿਗਰੀਆਂ ਵਾਲ਼ੇ ਲੋਕਾਂ ਨੇ ਆਪਣੇ ਦੁਆਲ਼ੇ ਤੋਂ ਗਿਆਨ ਇਕੱਠਾ ਕਰ ਕੇ ਪਰੋਸਿਆ ਹੁੰਦਾ ਹੈ ਪਰ ਕੁੱਝ ਲੋਕ ਦਿਮਾਗੋਂ ਹੀ ਸਿਆਣਪ ਦੀ ਚਿਣਗ ਮਘਾਈ ਰਖਦੇ ਹਨ। ਸਾਡੇ ਪੁਰਖਿਆਂ ਨੇ ਇਸੇ ਸਿਆਣਪ ਨਾਲ਼ ਹੀ ਜਿਉਣ ਦਾ ਢੰਗ ਮੁੱਢ ਤੋਂ ਹੁਣ ਤੱਕ ਵਿੱਢਿਆ, ਵਿਉਂਤਿਆ ਅਤੇ ਵਿਕਸਿਤ ਕਰ ਕੇ ਸਾਡੇ ਤੱਕ ਅਪੜਾਇਆ ਹੈ। ਹਾਲੇ ਵੀ ਇਹ ਸਿਲਸਿਲਾ ਜਾਰੀ ਹੈ। ਗਿਆਨ ਦੀ ਇੱਕ ਸ਼ਾਖ਼ ਮੌਲਿਕ, ਜਮਾਂਦਰੂ ਜਾਂ ਕੁਦਰਤੀ ਹੁੰਦੀ ਹੈ। ਸਭ ਕਲਾਕਾਰ, ਰਿਸ਼ੀ ਮੁਨੀ ਅੰਦਰਲੀਆਂ ਪਰਤਾਂ ਤੱਕ ਖੋਜੀ ਬਿਰਤੀ ਨਾਲ਼ ਉਤਰਦੇ ਰਹੇ ਹਨ। ਦੂਜੇ ਪਾਸੇ ਅੰਕੜਾ ਗਿਆਨ ਜਾਂ ਦੁਆਲ਼ੇ ਤੋਂ ਮਿਲਦੀ ਸੂਚਨਾ ਅਨੁਸਾਰ ਤਰਜ਼ੇ- ਜ਼ਿੰਦਗੀ ਚਲਦੀ ਹੈ। ਬਹੁਤ ਲੋਕ ਹਨ ਜੋ ਸੂਚਨਾ ਆਖੇ ਲੱਗ ਅੰਦਰਲੀ ਸਿਆਣਪ ਨੂੰ ਖੁੰਢਾ ਕਰ ਲੈਂਦੇ ਹਨ। ਮੇਰੇ ਬਾਬਾ ਜੀ ਕੰਧ ਦੇ ਪਰਛਾਵੇਂ ਨੂੰ ਵੇਖ ਕੇ ਘੜੀ ਦਾ ਵਕਤ ਠੀਕ ਅਨੁਮਾਨ ਲਾ ਲੈਂਦੇ ਸਨ। ਪਰ ਅੱਜ ਅਸੀਂ ਅਜਿਹਾ ਨਹੀਂ ਕਰ ਸਕਦੇ। ਸਾਡੀ ਮੌਲਿਕਤਾ ਨੂੰ ਇਸ ਸੂਚਨਾ ਨੇ ਢਾਅ ਲਾਈ ਹੈ। ਵੇਖਣ ਵਿੱਚ ਆਇਆ ਹੈ ਕਿ ਸਿਆਣਪ ਅਤੇ ਹੁਸ਼ਿਆਰੀ ਨਾਲ਼ ਦੋਹਾਂ ਦੇ ਵਿਵਹਾਰ, ਸੁਭਾਅ ਅਤੇ ਭਾਸ਼ਾ ਵਿੱਚ ਫ਼ਰਕ ਨਜ਼ਰ ਆਉਂਦਾ ਹੈ। ਸਿਆਣਾ ਆਦਮੀ ਅਤੇ ਹੁਸ਼ਿਆਰ ਆਦਮੀ ਆਪੋ ਆਪਣੀ ਸਮਰੱਥਾ ਅਨੁਸਾਰ ਇਸ ਜਗਤ ਨਾਲ਼ ਵਰਤਦੇ ਹਨ। ਪੜ੍ਹਿਆ ਹੋਣ ਦਾ ਅਰਥ ਕਈ ਡਿਗਰੀਆਂ ਨਾਲ਼ ਭਰੀ ਜੇਬ ਹੀ ਨਹੀਂ ਸਗੋਂ ਪ੍ਰਾਪਤ ਗਿਆਨ ਦਾ ਦੂਜਿਆਂ ਨਾਲ਼ ਕੀਤੇ ਵਰਤਾਵ ਤੋਂ ਨਿੱਤਰ ਕੇ ਸਪਸ਼ਟ ਹੁੰਦਾ ਹੈ। ਏਥੇ ਹੀ ਮਾਣ ਅਤੇ ਸ੍ਵੈਮਾਣ ਵਿੱਚਲਾ ਅਰਥ ਨਜ਼ਰ ਆਉਂਦਾ ਹੈ। ਜਿੱਥੇ ਆਪਣੀ ਪ੍ਰਾਪਤੀ ਦੇ ਛਿੱਟੇ ਹੋਰਨਾਂ ਤੱਕ ਅਪੜ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਂਦੇ ਹੋਣ ਉਹ ਨਿੱਜੀ ਲਾਹਾ ਮਾਣ, ਹੰਕਾਰ ਜਾਂ ਅਭਿਮਾਨ ਹੋ ਨਿਬੜਦਾ ਹੈ। ਉਨ੍ਹਾਂ ਦਾ ਵਿਵਹਾਰ ਹੋਰਨਾਂ ਤੋਂ ਵੱਖਰਾ ਹੋ ਕੇ ਵਿੱਚਰਨ ਲਾ ਦਿੰਦਾ ਹੈ। ਆਲੇ-ਦੁਆਲੇ ਦੀ ਸੂਚਨਾ ਉਪਰੋਥਲੀ ਬਦਲਦੀ ਹੈ, ਦ੍ਰਿਸ਼ ਬਦਲਦੇ ਹਨ, ਅੰਦਰ ਦੀ ਭਾਵਨਾ ਵੀ ਬਦਲਦੀ ਹੈ। ਦਿਮਾਗੀ ਬਦਹਜ਼ਮੀ ਦਾ ਕਾਰਣ ਹੀ ਇਹ ਪਲ ਪਲ ਬਦਲਦੀ ਸਥਿਤੀ ਹੈ। ਪਰ ਸਿਆਣਾ ਆਦਮੀ ਇਸ ਬਦਲੀ ਨੂੰ ਖ਼ਾਮੋਸ਼ ਹੋ ਕੇ ਅੰਦਰ ਜੀਰਦਾ ਹੈ।

ਮੰਡੀਕਰਣ ਦੇ ਇਸ ਯੁਗ ਵਿੱਚ ਵਸਤਾਂ ਦੀ ਖਰੀਦ ਭਾਰੂ ਹੁੰਦੀ ਸਾਨੂੰ ਸਭ ਨੂੰ ਵਿਆਕੁਲ, ਬੇਸਬਰਾ ਅਤੇ ਅਸੰਤੁਸ਼ਟ ਕਰੀ ਜਾ ਰਹੀ ਹੈ। ਅਸੀਂ ਨਾ ਚਾਹੁੰਦੇ ਹੋਏ ਵੀ ਬਿਨਾ ਲੋੜ ਦੀਆਂ ਵਸਤਾਂ ਖਰੀਦ ਰਹੇ ਹਾਂ। 'ਵਰਤੋ ਤੇ ਸੁੱਟੋ' ਨੂੰ ਵਧੇਰੇ ਅਜ਼ਮਾ ਰਹੇ ਹਾਂ। ਇਉਂ ਹੁਸ਼ਿਆਰ ਆਦਮੀਆਂ ਦੀ ਨਸਲ ਨੇ ਸਿਆਣੇ ਆਦਮੀਆਂ ਦੀ ਸਮਰੱਥਾ ਨੂੰ ਠੇਸ ਲਾਈ ਹੈ। ਅੰਦਰ ਮਘਦੀ ਚਿਣਗ ਨੂੰ ਮੱਧਮ ਕਰ ਕੇ ਸੂਚਨਾ ਪ੍ਰਧਾਨ ਗਿਆਨ ਨੂੰ ਵਧੇਰੇ ਥਾਂ ਦੇ ਕੇ ਲੋਕਾਂ ਦੀ ਸੂਝ-ਬੂਝ ਘਟਾਈ ਹੈ। ਅਸੀਂ ਛੋਟੇ ਸੀ ਤਾਂ ਸਾਡੇ ਦੁਆਲ਼ੇ ਸਾਡੇ ਵਡੇਰੇ ਸਿਆਣੇ ਲੋਕ ਸਨ। ਫੇਰ ਅਸੀਂ ਸੂਚਨਾ ਵਾਲ਼ੇ ਰਾਹ 'ਤੇ ਜਾ ਤੁਰੇ ਸਾਨੂੰ ਦੋਨਾਂ ਪਾਸਿਆਂ ਤੋਂ ਹੁੱਜਾਂ ਪੈ ਰਹੀਆਂ ਹਨ। ਇਸੇ ਸੂਚਨਾ ਨੇ ਸਾਡਾ ਮੁਲਕ ਬਦਲਿਆ ਹੈ। ਪਰ ਅਸੀਂ ਕੇਵਲ ਸੂਚਨਾ ਨੂੰ ਬੇ ਰੁਖੀ ਨਾਲ਼ ਪਰਖ ਦੇ ਪਿੱਛੇ ਨੂੰ ਝਾਕਦੇ ਹਾਂ। ਪਰ ਕਿਸੇ ਮਾਨਸਿਕਤਾ ਨੂੰ ਪਸਰਨ ਲਈ ਦੋਵੇਂ ਰਾਹ ਹੀ ਚਾਹੀਦੇ ਹਨ। ਇੱਕ ਮਿਸਾਲ ਹੈ ਕਿ ਅਮਰੀਕਾ ਨੇ ਜਦ ਟੁੱਥ ਬਰੱਸ਼ ਬਣਾਏ ਭਾਰਤ ਦੀ ਆਬਾਦੀ 50 ਕਰੋੜ ਸੀ। ਉੱਥੇ ਵੇਚਣ ਗਏ ਪਰ ਹੈਰਾਨ ਹੋਏ ਕਿ ਲੋਕ ਦਾਤਣ ਨਾਲ਼ ਕੰਮ ਸਾਰਦੇ ਹਨ। ਹੁਣ ਪਤਾ ਲੱਗਾ ਹੈ ਕਿ ਉਸੇ ਮੁਲਕ ਦੀ ਵਾਲਮਾਰਟ ਵਿੱਚ ਦਾਤਣ ਡਾਲਰਾਂ ਦੇ ਭਾਅ ਵਿਕ ਰਹੀ ਹੈ। ਸੋ ਸਿਆਣਪ ਅਤੇ ਸੂਚਨਾ ਦੋਹਾਂ ਦੇ ਵਿੱਚ-ਵਿੱਚਲਾ ਹੀ ਠੀਕ ਹੈ।

**ਫ਼ਰੀਦ ਵਾਲ਼ੀ ਵਿਦਵਤਾ, ਹੁਸੈਨ ਵਾਲ਼ੀ ਬਿਹਬਲਤਾ ਅਤੇ ਬੁੱਲ੍ਹੇ ਸ਼ਾਹ ਵਾਲ਼ੀ ਮਸਤੀ ਆਮ ਨਹੀਂ ਹੈ। (ਰੂਮੀ)**



bridgeport
CHESTERMERE
SHOWHOMES
NOW OPEN
SHOWHOME
Bridgeport Gate
Bridgeport Glen
Bridgeport St
Bridgeport Ave
ਇੱਥੇ ਆਕੇ ਸਾਡੇ ਸ਼ੋਅ ਹੋਮਜ ਦੇਖੋ
Laned & Laned Duplexes
Broadview Homes
533 & 537 Bridgeport St
Truman
549 & 553 Bridgeport St
Trico Homes
541 & 545 Bridgeport St
Shane Homes
557 & 561 Bridgeport St
Front Garage
NuVista Homes
404 Bridgeport Glen
Sterling Homes
408 Bridgeport Glen
201
Chestermere
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ
liveinbridgeport.com
LANED DUPLEXES
from the mid
$500s
LANED HOMES
from the high
$500s
FRONT GARAGE HOMES
from the mid
$700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities



# ਆਖਿਰੀ ਫੇਸ, ਹਮੇਸ਼ਾ ਰਹਿਣ ਵਾਲਾ ਘਰ.




ਫੇਸ 7 ਹੁਣ ਖੁੱਲਾ ਹੈ

ਐਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, **ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ**, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 **ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ**, ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।

ਐਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!

**liveinambleton.com**

- Sterling Homes
- Jayman BUILT
- Trico Homes
- Shane Homes
- Broadview Homes

Front Garage
FROM THE MID
$700s

Laned Homes
FROM THE HIGH
$500s

Ambleton
A Qualico Community

QUALICO communities
WE CREATE LEGACY COMMUNITIES THAT **INSPIRE PRIDE, ENRICH LIVES AND ENDURE IN VALUE.**



# Bains Vision Centre



ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ

**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



## ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।


Specialist In:
All Type of Residential & Commercial Woodwork
Interior Finishing: Kitchen Cabinets:
Railing & Decorating

*Manpreet Thind*
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



# Sidhu Accounting & Financial Services



*Accounting Services*
- Personal Tax Returns
- Corporate Tax Returns
- Computerized Bookkeeping
- T4's
- Record of Employment

*Financial Services*
- RRSP
- Life Insurance
  Term Life
  Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5



# Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



## ਇਮੀਗ੍ਰੇਸ਼ਨ ਸੇਵਾਵਾਂ

- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ


*Maninder S. Dhillon*
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



# Delta-A Stucco Ltd.

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate



81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



# NORTHEAST AUTOMOTIVE

Bring your vehicle into NorthEast Automotive and be on smoother, stress free roads



First Choice for Engine Repair

Contact:
DEEP
4205-17 Ave SE
Calgary (AB)

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Fax: 403 313 9993
Email: deep@neauto.ca
www.neauto.ca Ph. 403-263-1000, 403-250-7038



ਨਾਰਥ ਈਸਟ ਵਿੱਚ
ਨਵੀਂ ਸ਼ਾਨਦਾਰ ਕਮਿਓਨਿਟੀ
ਹੋਮਸਟੀਡ
ਵਿੱਚ ਆਪਣੀਆਂ ਜੜ੍ਹਾਂ ਲਾਓ
Partners Homes, Excel Homes, Trico Homes, and Genesis Builders. – ਪੁਰਸਕਾਰ ਜੇਤੂ ਬਿਲਡਰਾਂ ਦੁਆਰਾ ਬਣਾਏ ਗਏ ਘਰਾਂ ਦੀ ਇੱਕ ਸ਼੍ਰੇਣੀ ਵਿੱਚੋਂ ਚੁਣੋ।
Duplexes – $530s ਤੋਂ ਸ਼ੁਰੂ ਹੁੰਦੇ ਹਨ।
Laned Homes, ਅਤੇ Front-Garage ਵਾਲੇ ਘਰ $500s–$700s. ਤੋਂ ਸ਼ੁਰੂ ਹੁੰਦੇ ਹਨ।
DUPLEX
LANED
FRONT GARAGE
ਹੋਮਸਟੀਡ ਵਿਖੇ ਅੱਜ ਹੀ ਪਧਾਰੋ !
liveinhomestead.ca
Homestead
a partners community




ਏਅਰਡਰੀ ਵਿੱਚ ਨਵੀਂ ਕਮਿਓਨਿਟੀ ਆ ਰਹੀ ਹੈ
ਜਿੱਥੇ ਸ਼ਾਂਤੀ ਅਤੇ ਵਾਅਦਾ ਮਿਲਦਾ ਹੋਵੇ
VANTAGE RISE
ਕੁਦਰਤੀ ਸੁੰਦਰਤਾ ਅਤੇ ਸ਼ਹਿਰੀ ਰਹਿਣ ਬਹਿਣ ਦਾ ਆਨੰਦ ਮਾਣੋ
ਜਿੱਥੋਂ ਪਹਾੜੀਆਂ ਦੇ ਨਜ਼ਾਰੇ ਵੀ ਨਜ਼ਰੀ ਪੈਂਦੇ ਹੋਣ! ਹਰ ਰੋਜ਼ ਚੜਦਾ ਅਤੇ ਛਿੱਪਦਾ ਸੂਰਜ ਮੱਥੇ ਲੱਗਦਾ ਹੋਵੇ! ਪੰਜਾਬ ਦੇ ਪਿੰਡਾਂ ਵਰਗੀ ਸਾਂਤੀ ਹੋਵੇ! ਪਰ ਰੋਜ਼ ਦੀਆਂ ਸਾਰੀਆਂ ਸਹਿਰ ਵਰਗੀਆਂ ਸਹੂਲਤਾਂ ਤੁਹਾਡੇ ਘਰ ਦੇ ਨੇੜੇ ਹੀ ਮਿਲਦੀਆਂ ਹੋਣ ਤਾਂ ਅਜਿਹੇ ਘਰ ਵੈਂਟੇਜ ਰਾਈਜ਼ ਏਅਰਡਰੀ ਦੇ ਸਾਊਥ ਵੈਸਟ ਕੋਨੇ ਵਿੱਚ ਸਥਿੱਤ ਹਨ।
Be the First to Receive Exclusive Community Update
liveinvantagerise.com
Yankee Valley Blvd
Range Rd 13
24 St SW
to Calgary →
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILTY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent




COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ 'ਬਿਨਾ ਕਿਸੇ ਫੀਸ ਦੇ ਵੇਚਾਂਗੇ'
YADREALTY.CA
ANDY BHALLA
OWNER, BROKER, REALTOR®
403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI
OWNER & REALTOR®
403-414-9191




Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB



## ਝੀਲਾਂ ਦੇ ਕਿਨਾਰੇ–ਬਾਬਿਆਂ ਨੂੰ ਨਜ਼ਾਰੇ

ਦਸਮੇਸ਼ ਕਲਚਰਲ ਸੀਨੀਅਰ ਸਿਟੀਜਨ ਸੁਸਾਇਟੀ ਦੇ ਮੈਂਬਰ ਇਕੱਠੇ ਹੋਕੇ ਹਰ ਸਾਲ ਇੱਕ ਜਾਂ ਦੋ ਵਾਰ ਪਹਾੜਾਂ ਦੀਆਂ ਵਾਦੀਆਂ ਵਿੱਚ ਗੇੜੀ ਜਰੂਰ ਮਾਰਨ ਜਾਂਦੇ ਹਨ। ਇਸ ਸਾਲ ਵੀ ਇੱਕ ਵੱਡੇ ਗਰੁੱਪ ਦੇ ਰੂਪ ਵਿੱਚ ਬੱਸਾਂ ਰਾਹੀਂ ਸੈਲੇਵਨਲੇਕ ਟਰਿੱਪ ਪੂਰਾ ਦਿਨ ਆਨੰਦਮਈ ਹੋ ਨਿਬੜਿਆ

## ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਸੀਨੀਅਰ ਸਿਟੀਜਨ ਡੇਅ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਸੀਨੀਅਰ ਸਿਟੀਜਨ ਡੇਅ ਮਨਾਉਣ ਲਈ ਇਕੱਤਰਤਾ ਹੋਈ । ਮੇਜਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੀਨੀਅਰ ਸਿਟੀਜਨ ਡੇਅ ਮਨਾਉਣਾ ਸਾਲ 1991 ਦੇ ਵਿੱਚ ਸ਼ੁਰੂ ਹੋਇਆ ਸੀ ਜਿਸ ਦਾ ਮਕਸਦ ਬਜ਼ੁਰਗਾਂ ਦਾ ਸਤਿਕਾਰ ਅਤੇ ਪ੍ਰਸ਼ੰਸਾ ਕਰਨੀ ਬਣਦੀ ਹੈ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪ੍ਰਿੰਸੀਪਲ ਸੱਤਪਾਲ ਕੌਸ਼ਿਲ ਹੋਰਾਂ ਬਜ਼ੁਰਗਾਂ ਦਾ ਜੀਵਨ ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਭਾਵਪੂਰਵਕ ਲੇਖ ਪੜ੍ਹਿਆ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਵੱਖਰੇ ਅੰਦਾਜ ਵਿੱਚ ਬਜ਼ੁਰਗਾਂ ਬਾਰੇ ਗੱਲਾਂ ਕੀਤੀਆਂ ਅਤੇ ਉਹਨਾਂ ਸਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਰਚਨਾ ਪੇਟੋਂ ਇੱਕ ਮਾਤਾ ਦਿਉ ਮੁੜਕੇ ਜਨਮ ਨੀ ਲੈਣਾ ਵੀਰਾ" ਕਵੀਸ਼ਰੀ ਵੀ ਕੜਕਵੀਂ ਆਵਾਜ਼ ਵਿੱਚ ਸੁਣਾਈ। ਜਰਨੈਲ ਸਿੰਘ ਤੱਗੜ ਨੇ ਇੱਕ ਕਵਿਤਾ ਸੁਣਾਈ ਜਿਸ ਵਿੱਚ ਉਹਨਾਂ ਪ੍ਰਦੇਸ਼ ਗਏ ਪੁੱਤ ਦੀ ਮਾਂ ਦੀ ਮਾਨਸਿਕ ਦਸ਼ਾ ਬਾਰੇ ਦੱਸਿਆ। ਬਿੱਕਰ ਸਿੰਘ ਸੰਧੂ ਨੇ ਬਜ਼ੁਰਗਾਂ ਬਾਰੇ ਪਰਿਵਾਰ ਅਤੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਵਰਨਣ ਕੀਤਾ ਉਹਨਾਂ ਦਾ ਹੱਲ ਵੀ ਦੱਸਿਆ। ਇਸ ਮਹੀਨੇ ਵਿੱਚ ਆਏ ਮੈਂਬਰਾਂ ਦੇ ਜਨਮਦਿਨ ਕੇਕ ਕੱਟ ਕੇ ਮਨਾਏ ਗਏ ਅਤੇ ਉਹਨਾਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਬਿਕਰ ਸਿੰਘ ਸੰਧੂ ਨੇ ਆਏ ਸਾਰੇ ਮੈਂਬਰਾਂ ਦਾ ਸ਼ੁਕਰੀਆ ਅਦਾ ਕੀਤਾ। ਚਾਹ ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ ਜਿਸ ਦੀ ਸੇਵਾ ਦਰਸ਼ਨ ਸਿੰਘ ਔਲਖ ਸੁਰਮਖ ਸਿੰਘ ਕੂਨਰ ਅਤੇ ਕੁਲਬੀਰ ਕਾਲਕਟ ਨੇ ਹਮੇਸ਼ਾ ਦੀ ਤਰ੍ਹਾਂ ਬਾਖੂਬੀ ਨਿਭਾਈ।




ਕੈਲਗਰੀ ਦੇ ਵਾਰਡ 5 ਵਿੱਚ ਨਾਰਥਈਸਟ ਏਰੀਆ ਵਿੱਚ ਨਵਾਂ ਅੱਗ ਬੁਝਾਊ ਸਟੇਸਨ ਦਾ ਉਦਘਾਟਨ ਕੀਤਾ ਗਿਆ, ਇਸ ਮੌਕੇ ਕੈਲਗਰੀ ਮੇਅਰ ਜੋਤੀ ਗੌਂਡੇਕ,ਕੌਂਸਲਰ ਰਾਜ ਧਾਲੀਵਾਲ, ਮੁਹੰਮਦ ਯਸ਼ੀਨ ਮਨਿਸਟਰ ਇਮੀਗ੍ਰੇਸ਼ਨ ਐਂਡ ਮਲਟੀਕਲਚਰਲ ਅਲਬਰਟਾ ਅਤੇ ਅੱਗ ਬੁਝਾਊ ਮਹਿਕਮੇ ਦੇ ਉੱਚ ਅਧਿਕਾਰੀ ਸਾਮਿਲ ਸਨ।

## ਬਿਆਸ ਨੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡਾਂ 'ਚ ਮਚਾਈ ਤਬਾਹੀ



ਤਰਨ ਤਾਰਨ (ਪੰਜਾਬੀ ਅਖਬਾਰ ਬਿਊਰੋ)– ਇਲਾਕੇ ਅੰਦਰ ਸਤਲੁਜ ਅਤੇ ਬਿਆਸ ਦਰਿਆ ਵਲੋਂ ਪਿੰਡ ਹਰੀਕੇ ਅਤੇ ਮਰੜ ਦੇ ਕੰਢਿਆਂ ਨੂੰ ਲਾਈ ਜਾ ਰਹੀ ਢਾਹ ਪ੍ਰਸ਼ਾਸਨ ਤੇ ਇਲਾਕੇ ਦੇ ਵਸਨੀਕਾਂ ਲਈ ਡਾਢੀ ਸਿਰਦਰਦੀ ਦਾ ਕਾਰਨ ਬਣ ਰਹੀ ਹੈ ਅਤੇ ਕਈ ਪਿੰਡਾਂ 'ਚ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਡੁੱਬ ਗਈ ਹੈ। ਹਰੀਕੇ ਦੇ ਨੇੜੇ ਦੇ ਪਿੰਡ ਕੁੱਤੀਵਾਲਾ ਦੇ ਸਾਬਕ ਸਰਪੰਚ ਲੱਖਾ ਸਿੰਘ ਨੇ ਇਥੇ ਦੱਸਿਆ ਕਿ ਸਤਲੁਜ ਦਰਿਆ ਦੇ ਪਿੰਡ ਘੜੂੰਮ (ਕੁੱਤੀਵਾਲਾ) ਨੇੜੇ ਦਰਿਆ ਨੂੰ ਤਿੰਨ ਥਾਵਾਂ ਤੋਂ ਢਾਹ ਲੱਗ ਰਹੀ ਹੈ ਜਿਸ ਨੂੰ ਪੱਥਰਾਂ ਦੀਆਂ ਨੋਚਾਂ ਨਾਲ ਮਜ਼ਬੂਤ ਕੀਤਾ ਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਕੰਮ ਲਈ ਜਿਥੇ ਕਾਰ ਸੇਵਾ ਸੰਪਰਦਾ ਸਰਹਾਲੀ ਦੇ ਮੁੱਖੀ ਬਾਬਾ ਸੇਵਾ ਸਿੰਘ ਦੇ ਸੇਵਾਦਾਰ ਲੱਗੇ ਹੋਏ ਹਨ। ਇਲਾਕੇ ਅੰਦਰ ਬਿਆਸ ਦਰਿਆ ਦੀ ਮਾਰ ਹੇਠ ਆਏ ਭਲੋਜਲਾ, ਵੈਰੋਵਾਲ, ਬੋਦਲ ਕੀੜੀ, ਕੀੜੀ ਸ਼ਾਹੀ, ਧੂੰਦਾ, ਜੌਹਲ ਢਾਏਵਾਲਾ, ਗੋਇੰਦਵਾਲ ਸਾਹਿਬ, ਜਲਾਲਾਬਾਦ, ਮੁੰਡਾਪਿੰਡ, ਕਰਮੂੰਵਾਲਾ, ਚੰਬਾ ਕਲਾਂ ਆਦਿ ਦੇ 25 ਪਿੰਡਾਂ ਦੇ ਕਿਸਾਨਾਂ ਦੀ 10,000 ਏਕੜ ਦੇ ਕਰੀਬ ਖੜ੍ਹੀ ਫਸਲ ਇਕ ਤਰ੍ਹਾਂ ਨਾਲ ਪੂਰੀ ਦੀ ਪੂਰੀ ਨਸ਼ਟ ਹੋ ਗਈ ਹੈ। ਇਨ੍ਹਾਂ ਪਿੰਡਾਂ ਦੇ ਕਿਸਾਨਾਂ ਦੀ ਫਸਲ ਚਾਰ ਹਫਤਿਆਂ ਤੋਂ ਵੀ ਵਧੇਰੇ ਸਮੇਂ ਤੋਂ ਪਾਣੀ ਦੀ ਮਾਰ ਹੇਠ ਹੈ।


















# ਗਰਮੀਆਂ ਦੀ ਬੱਚਤ
## ਈਵੈਂਟ ਹੁਣ ਚਾਲੂ ਹੈ






SOUTH POINT
A MASTER PLANNED COMMUNITY

## ਨਵੇਂ ਮਾਡਰਨ ਡਬਲ ਫਰੰਟ ਗੈਰਾਜ ਵਾਲੇ ਘਰ

## ਹੁਣ ਵੇਚ ਰਹੇ ਹਾਂ

ਥੋੜੇ ਹੀ ਘਰ ਬਾਕੀ ਹਨ

ਸਾਡੇ ਸ਼ਾਨਦਾਰ ਫਰੰਟ-ਅਟੈਚਡ ਗੈਰੇਜ ਘਰਾਂ ਦੇ ਨਾਲ ਸਾਊਥ ਪੁਆਇੰਟ ਵਿੱਚ ਸਮਕਾਲੀ ਰਹਿਣ ਦਾ ਅਨੁਭਵ ਕਰੋ। ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ, ਇਹ ਘਰ ਸ਼ੈਲੀ ਅਤੇ ਕਾਰਜਸ਼ੀਲਤਾ ਨੂੰ ਜੋੜਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਖੁੱਲ੍ਹੇ-ਸੰਕਲਪ ਵਾਲੇ ਲੇਆਉਟ
- ਸ਼ਾਨਦਾਰ ਫਿਨਿਸ਼
- ਪਰਿਵਾਰਾਂ ਲਈ ਸੰਪੂਰਨ ਵਿਸ਼ਾਲ ਅੰਦਰੂਨੀ ਹਿੱਸੇ

ਜੁੜਵੇਂ ਗੈਰਾਜ ਇੱਕ ਸ਼ਾਨਦਾਰ ਸੁੱਖ-ਸਹੂਲਤ ਅਤੇ ਆਧੁਨਿਕ ਬਾਹਰੀ ਦਿੱਖ ਪ੍ਰਦਾਨ ਕਰਦੇ ਹਨ। ਨੇੜਲੇ ਪਾਰਕਾਂ, ਸਕੂਲਾਂ ਅਤੇ ਖਰੀਦਦਾਰੀ ਵਾਲੇ ਇੱਕ ਜੀਵੰਤ ਭਾਈਚਾਰੇ ਵਿੱਚ ਸਥਿਤ, ਇਹ ਘਰ ਆਰਾਮ ਅਤੇ ਪਹੁੰਚਯੋਗਤਾ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦੇ ਹਨ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ:
VESTASOUTHPOINT.COM

VESTA PROPERTIES

Built by Vesta – Over 7,000 homes delivered across Alberta and BC.
Renderings are an artist's conception and are intended as a general reference only.

1601-201 Cooperswood Green SW, Airdrie
587.674.3438 | southpoint@vestaproperties.com


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ
From the Mid $500s
ਲੇਨਡ ਹੋਮਜ
From the Low $600s
ਫਰੰਟ ਗੈਰਾਜ ਹੋਮਜ
From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਲੱਭੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿੱਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੋਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING
CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


paintedskyinlangdon.com
ਨਵਾਂ ਫੇਸ
ਉਹੀ ਅਸਮਾਨ
ਫੇਸ 2 ਹੁਣ ਵੇਚਿਆ ਜਾ ਰਿਹਾ ਹੈ !
ਪੇਂਟਡ ਸਕਾਈ ਵਿੱਚ ਤੁਹਾਡਾ ਸਵਾਗਤ ਹੈ, ਜੋ ਕਿ ਲੈਂਗਡਨ ਦੇ ਪ੍ਰੇਰੀ ਪਿੰਡ ਵਿੱਚ ਇੱਕ ਵਧੀਆ ਜ਼ਿੰਦਗੀ ਜਿਓਣ ਵਾਲਾ ਭਾਈਚਾਰਾ ਹੈ, ਜਿੱਥੇ ਛੋਟੇ-ਛੋਟੇ ਸ਼ਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ਼ 20 ਮਿੰਟ ਦੀ ਦੂਰੀ 'ਤੇ, ਪੇਂਟਡ ਸਕਾਈ ਵਿੱਚ ਪਰਿਵਾਰਾਂ ਲਈ ਤਿਆਰ ਕੀਤੇ ਗਏ ਵੱਡ ਅਕਾਰੀ ਘਰ ਹਨ। ਪੇਂਟਡ ਸਕਾਈ ਵਿਖੇ ਭਾਈਚਾਰਕ ਅਤੇ ਸਹੂਲਤ ਦੇ ਸੰਪੂਰਨ ਸੰਤੁਲਨ ਵਾਲਾ ਘਰ ਲੱਭੋ ।
BUNGALOW HOMES
FROM THE LOW
$700s
FRONT GARAGE HOMES
FROM THE MID
$700s
PAINTED SKY
LANGDON
First community park/playground is now open!
New amenities: IGA, Dollarama, McDonald's, & more coming soon!
Everything within walking distance of your new home!
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities